# ਜੰਗਲ ਦੀ ਅੱਗ ਉੱਤੇ ਕਾਬੂ ਪਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡਾਂਗੇ : ਫੋਰਡ

...ਪੰਨਾ 1 ਦਾ ਬਾਕੀ

ਉਹ ਇੱਥੇ ਵਾਈਲਡਫਾਇਰ ਕਮਾਂਡ ਸੈਂਟਰ ਦਾ ਦੌਰਾ ਕਰਨ ਦੇ ਨਾਲ ਨਾਲ ਅੱਗ ਤੋਂ ਬਚਣ ਲਈ ਇੱਥੇ ਪਹੁੰਚੇ ਲੋਕਾਂ ਤੇ ਕਮਿਊਨਿਟੀ ਆਗੂਆਂ ਨਾਲ ਮੁਲਾਕਾਤ ਕਰਨ ਲਈ ਆਏ ਸਨ। ਫਰਸਟ ਨੇਸ਼ਨ ਦੇ ਆਗੂਆਂ ਵੱਲੋਂ ਇਸ ਸਥਿਤੀ ਨੂੰ ਸਟੇਟ ਆਫ ਐਮਰਜੰਸੀ ਐਲਾਨਣ ਦੀ ਮੰਗ ਕੀਤੀ ਗਈ ਸੀ ਪਰ ਫੋਰਡ ਨੇ ਆਖਿਆ ਕਿ ਪਹਿਲਾਂ ਹੀ ਐਮਰਜੰਸੀ ਆਰਡਰ ਦਿੱਤੇ ਜਾ ਚੁੱਕੇ ਹਨ। ਅਸੀਂ ਮਦਦ ਲਈ ਕਿਸੇ ਤਰ੍ਹਾਂ ਦੀ ਕੋਈ ਕਸਰ ਬਾਕੀ ਨਹੀਂ ਛੱਡ ਰਹੇ। ਅਸੀਂ ਸਾਰੇ ਸਰੋਤ ਲਾ ਦਿੱਤੇ ਹਨ ਤੇ ਅੱਗੇ ਵੀ ਇਹ ਮਦਦ ਜਾਰੀ ਰੱਖੀ ਜਾਵੇਗੀ। ਇਸ ਵਾਰੀ ਜੰਗਲ ਦੀ ਅੱਗ ਕਾਫੀ ਖਤਰਨਾਕ ਰੂਪ ਧਾਰਨ ਕਰ ਚੁੱਕੀ ਹੈ। ਪ੍ਰੋਵਿੰਸ ਵੱਲੋਂ ਇਸ ਅੱਗ ਉੱਤੇ ਕਾਬੂ ਪਾਉਣ ਲਈ ਹਰ ਹੀਲਾ ਵਸੀਲਾ ਵਰਤਿਆ ਜਾ ਰਿਹਾ ਹੈ। ਹਜ਼ਾਰਾਂ ਦੀ ਗਿਣਤੀ ਵਿੱਚ ਫਰਸਟ ਨੇਸ਼ਨ ਕਮਿਊਨਿਟੀਜ਼ ਦੇ ਲੋਕਾਂ ਨੂੰ ਆਪਣੇ ਘਰ ਛੱਡ ਕੇ ਸ਼ਹਿਰ ਦਾ ਰੁਖ ਕਰਨਾ ਪਿਆ ਹੈ। ਸਰਕਾਰੀ ਅਧਿਕਾਰੀਆਂ ਨੇ ਦੱਸਿਆ ਕਿ ਸਟੇਟ ਆਫ ਐਮਰਜੰਸੀ ਲਾਉਣ ਲਈ ਜਿਹੜੇ ਹਾਲਾਤ ਚਾਹੀਦੇ ਹਨ ਕਾਨੂੰਨੀ ਤਰ ਉੱਤੇ ਉਹ ਪੂਰੇ ਨਹੀਂ ਹੋ ਰਹੇ।

# ਟੋਰਾਂਟੋ ਸ਼ੁਰੂ ਕਰੇਗਾ ਡਾਈਨ ਟੁਗੈਦਰ ਪ੍ਰੋਗਰਾਮ

ਟੋਰਾਂਟੋ, 28 ਜੁਲਾਈ (ਪੋਸਟ ਬਿਊਰੋ) : ਕੋਵਿਡ-19 ਮਹਾਂਮਾਰੀ ਦੀ ਮਾਰ ਸਹਿ ਰਹੇ ਲੋਕਲ ਰੈਸਟੋਰੈਂਟਸ ਦੀ ਮਦਦ ਕਰਨ ਲਈ ਸਿਟੀ ਆਫ ਟੋਰਾਂਟੋ ਵੱਲੋਂ ਇੱਕ ਨਵਾਂ ਪ੍ਰੋਗਰਾਮ ਡਾਈਨ ਟੁਗੈਦਰ ਸ਼ੁਰੂ ਕੀਤਾ ਗਿਆ ਹੈ।

ਇਸ ਪ੍ਰੋਗਰਾਮ ਵਿੱਚ ਹਿੱਸਾ ਲੈਣ ਵਾਲੀਆਂ ਈਟਰੀਜ਼ ਵੱਲੋਂ ਇੱਕ ਮੈਨਿਊ ਤਿਆਰ ਕੀਤਾ ਜਾਵੇਗਾ,ਜਿਹੜਾ ਲੋਕਾਂ ਨੂੰ ਲੋਕਲ ਰੈਸਟੋਰੈਂਟਸ ਵਿੱਚ ਖਾਣ ਲਈ ਉਤਸ਼ਾਹਿਤ ਕਰੇਗਾ। ਇਹ ਖਾਣਾ ਟੇਕਆਊਟ, ਡਲਿਵਰੀ, ਪੈਟੀਓ ਜਾਂ ਇੰਡੋਰ ਡਾਈਨਿੰਗ ਲਈ ਵੀ ਉਪਲਬਧ ਹੋਵੇਗਾ। ਬੁੱਧਵਾਰ ਨੂੰ ਇੱਕ ਪ੍ਰੈੱਸ ਕਾਨਫਰੰਸ ਵਿੱਚ ਮੇਅਰ ਟੋਰੀ ਨੇ ਆਖਿਆ ਕਿ ਇਸ ਨੂੰ ਵਿੰਟਰਲੀਸ਼ੀਅਸ ਜਾਂ ਸਮਰਲੀਸ਼ੀਅਸ ਕਿਸਮ ਦੇ ਪ੍ਰੋਗਰਾਮ ਦਾ ਅਪਡੇਟ ਮੰਨਿਆ ਜਾਵੇ। ਪਰ ਇਸ ਦਾ ਮੰਤਵ ਇੱਕੋ ਹੈ ਤੇ ਉਹ ਹੈ ਸਾਡੇ ਰੈਸਟੋਰੈਂਟ ਤੇ ਹੌਸਪਿਟੈਲਿਟੀ ਬਿਜ਼ਨਸ ਦੀ ਮਦਦ ਕਰਨਾ, ਜੋ ਕਿ ਇਸ ਸਮੇਂ ਮੁਸ਼ਕਲਾਂ ਵਿੱਚੋ ਲੰਘ ਰਿਹਾ ਹੈ।



ਰੈਸਟੋਰੈਂਟਸ ਨੂੰ ਦੋ ਕੋਰਸ ਮੈਨਿਊ ਪੇਸ਼ ਕਰਨਾ ਹੋਵੇਗਾ, ਜਿਨ੍ਹਾਂ ਵਿੱਚ ਮੇਨ ਡਿਸ਼ ਦੇ ਨਾਲ ਨਾਲ ਜਾਂ ਤਾਂ ਐਪੇਟਾਈਜ਼ਰ ਹੋਣਾ ਜ਼ਰੂਰੀ ਹੋਵੇਗਾ ਤੇ ਜਾਂ ਫਿਰ ਡਿਜ਼ਰਟ। ਇਸ ਮੈਨਿਊ ਵਿੱਚ ਦਿੱਤੇ ਜਾਣ ਵਾਲੇ ਖਾਣੇ ਦੀਆਂ ਕੀਮਤਾਂ 15 ਡਾਲਰ ਤੋਂ 50 ਡਾਲਰ ਦਰਮਿਆਨ ਹੋਣੀਆਂ ਚਾਹੀਦੀਆਂ ਹਨ। ਇਹ ਮੈਨਿਊ ਲੰਚ ਜਾਂ ਡਿਨਰ ਜਾਂ ਦੋਵਾਂ ਲਈ ਪੇਸ਼ ਕੀਤਾ ਜਾ ਸਕਦਾ ਹੈ। ਇਸ ਪ੍ਰੋਗਰਾਮ ਦੇ ਸਬੰਧ ਵਿੱਚ ਅਰਜ਼ੀਆਂ 4 ਅਗਸਤ ਤੋਂ ਸਵੀਕਾਰੀਆਂ ਜਾਣੀਆਂ ਸ਼ੁਰੂ ਹੋਣਗੀਆਂ ਤੇ 31 ਅਗਸਤ ਨੂੰ ਬੰਦ ਕਰ ਦਿੱਤੀਆਂ ਜਾਣਗੀਆਂ। ਇਹ ਪ੍ਰੋਗਰਾਮ 17 ਸਤੰਬਰ ਤੋਂ 3 ਅਕਤੂਬਰ ਤੱਕ ਚਲਾਇਆ ਜਾਵੇਗਾ।

SherGill Law Firm
Barrister, Solicitor & Notary Public

Paramjit Singh Gill
(MBA,LL.B.)
Tel: 905-790-3636

Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters

2565 Steeles Ave E Unit #20, Brampton, ON L6T 4L6




Emergency Contact:
416.910.5676
www.shergilllawfirm.ca



UK TRUCK TRAINING CENTRE
PCC #179958
Registered as a Private Careers College

ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge



Automatic & Manual Trucks
1 on 1 Training

Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ

Forklift Training




ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।

We help in Written Test & in Finding Jobs

20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ

7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

Great Invetsment Opportunity
In The Region of Timminis,ON
8 ACRE OF lAND CAN BE SEVERD IN TWO LOTS OF 4 ACRE
Apartment Building For Sale:

4 units 3 bedroom | 2 units 1 bedroom | 1 unit bachelor








For More Details Call: 416-970-5005/647-242-8667



Jas Toor
Sales Repersentative
Sutton
Sutton Group-Realty Experts
Brokerage*

Jagdish Grewal
Sales Repersentative
Century 21
President Realty Inc.
Brokerage*



# ਬਾਰਿਸ਼ ਨਾਲ ਹਿਮਾਚਲ ਵਿੱਚ ਤਬਾਹੀ : 200 ਲੋਕਾਂ ਦੀ ਮੌਤ

## * ਸਰਕਾਰੀ ਤੇ ਨਿੱਜੀ ਜਾਇਦਾਦ ਦਾ 4600 ਕਰੋੜ ਦਾ ਨੁਕਸਾਨ

ਸ਼ਿਮਲਾ, 28 ਜੁਲਾਈ, (ਪੋਸਟ ਬਿਊਰੋ)- ਹਿਮਾਚਲ ਪ੍ਰਦੇਸ਼ ਵਿਚ ਭਾਰੀ ਮੀਂਹ ਦੇ ਕਾਰਨ ਆਮ ਜਨ-ਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਗਿਆ ਹੈ ਅਤੇ ਭਾਰਤ-ਤਿੱਬਤ ਨੈਸ਼ਨਲ ਹਾਈਵੇਅਤੇ ਚਾਰ ਹੋਰ ਨੈਸ਼ਨਲ ਹਾਈਵੇ ਬੰਦ ਹੋ ਗਏ ਹਨ। ਭਾਰੀ ਮੀਂਹ ਨਾਲ ਨਦੀਆਂ-ਨਾਲੇ ਉੱਛਲ ਪਏ ਹਨ ਅਤੇ ਥਾਂ-ਥਾਂ ਜ਼ਮੀਨ ਖਿਸਕਣ ਨਾਲ ਕਈ ਸੜਕਾਂ ਬੰਦ ਹਨ। ਬਾਰਿਸ਼ ਨਾਲ ਅੱਜ ਬੁੱਧਵਾਰ ਤੱਕ ਲਗਪਗ 200 ਲੋਕਾਂ ਦੀ ਮੌਤ ਹੋ ਜਾਣ ਦੀ ਖਬਰ ਮਿਲੀ ਹੈ।

ਇਸ ਦੌਰਾਨ ਪਤਾ ਲੱਗਾ ਹੈ ਕਿ ਜੰਮੂ-ਕਸ਼ਮੀਰ, ਹਿਮਾਚਲ ਪ੍ਰਦੇਸ਼ ਅਤੇ ਲੱਦਾਖ ਵਿਚ ਭਾਰੀ ਬਾਰਿਸ਼, ਚੱਟਾਨਾਂ ਦੇ ਖਿਸਕਣ, ਢਿੱਗਾਂ ਡਿੱਗਣ ਤੇ ਕਈ ਥਾਈਂ ਬੱਦਲ ਫਟਣ ਨਾਲ







ਆਏ ਹੜ੍ਹ ਨਾਲ ਹੋਈ ਤਬਾਹੀ ਵਿਚ 14 ਲੋਕਾਂ ਦੀ ਮੌਤ ਹੋ ਗਈ ਹੈ। ਸਭ ਤੋਂ ਵੱਧ ਨੁਕਸਾਨ ਜੰਮੂ ਡਵੀਜ਼ਨ ਦੇ ਕਿਸ਼ਤਵਾੜ ਜ਼ਿਲ੍ਹੇ ਵਿਚ ਹੋਇਆ ਹੈ, ਜਿੱਥੇ ਦੂਰ-ਦੁਰਾਡੇ ਪਿੰਡ ਹੰਜਰ ਵਿਚ ਬੱਦਲ ਫਟਣ ਨਾਲ ਆਏ ਹੜ੍ਹ ਦੇ ਮਲਬੇ ਵਿਚ ਦਬ ਕੇ ਸੱਤ ਲੋਕਾਂ ਦੀ ਮੌਤ ਹੋ ਗਈ ਹੈ, ਜਿਨ੍ਹਾਂ ਦੀਆਂ ਲਾਸ਼ਾਂ ਮਿਲ ਗਈਆਂ ਤੇ 17 ਜ਼ਖ਼ਮੀਆਂ ਨੂੰ ਬਚਾਇਆ ਗਿਆ ਹੈ, ਜਿਨ੍ਹਾਂ ਵਿਚ ਪੰਜ ਦੀ ਹਾਲਤ ਗੰਭੀਰ ਹੈ, ਪਰ 19 ਲੋਕ ਅਜੇ ਲਾਪਤਾ ਹਨ। ਪੁਲਿਸ ਅਤੇ ਸਥਾਨਕ ਲੋਕਾਂ ਤੋਂ ਇਲਾਵਾ ਫ਼ੌਜ, ਆਫਤ ਰਿਲੀਫ ਫੋਰਸ ਦੀਆਂ ਟੀਮਾਂ ਰਾਹਤ ਮੁਹਿੰਮ ਵਿਚ ਲੱਗੀਆਂ ਹੋਈਆਂ ਹਨ। ਹਿਮਾਚਲ ਪ੍ਰਦੇਸ਼ ਦੇ ਲਾਹੌਲ ਸਪਿਤੀ ਜ਼ਿਲ੍ਹੇ ਵਿੱਚ ਬੱਦਲ ਫਟਣ ਨਾਲ ਤੇਜਿੰਗ ਨਾਲੇ ਤੇ ਕੁੱਲੂ ਦੇ ਬ੍ਰਹਮਗੰਗਾ ਨਾਲੇ ਵਿਚ ਹੜ੍ਹ ਆ ਜਾਣ ਕਾਰਨ-ਪੁੱਤਰ ਸਮੇਤ 16 ਲੋਕ ਰੁੜ੍ਹ ਗਏ। ਇਨ੍ਹਾਂ ਵਿਚ ਗਾਜ਼ੀਆਬਾਦ ਦੀ ਲੜਕੀ ਵਿਨੀਤਾ ਚੌਧਰੀ ਵੀ ਸ਼ਾਮਲ ਹੈ, ਜੋ ਇੱਥੇ ਕੈਂਪਿੰਗ ਸਾਈਟ ਵਿਚ ਮੈਨੇਜਰ ਦੇ ਅਹੁਦੇ ਉੱਤੇ ਤਾਇਨਾਤ ਸੀ।

# ਡੀ ਆਈ ਜੀ ਖੱਟੜਾ ਦੀ ਨਵੀਂ ਦੂਸ਼ਣਬਾਜ਼ੀ ਤੋਂ ਬਰਗਾੜੀ ਵਾਲੇ ਭੜਕੇ

## * ਰੁਪਿੰਦਰ ਨੇ ਕਿਹਾ: ਮੇਰੇ ਉੱਤੇ ਦੋਸ਼ ਸੱਚੇ ਹੋਣ ਤਾਂ ਸਿਰ ਕੱਟਵਾ ਦਿਆਂਗਾ * ਖੱਟੜਾ ਉੱਤੇ ਅਕਾਲੀ ਟਿਕਟ ਲਈ ਦੂਸ਼ਣਬਾਜ਼ੀ ਦਾ ਦੋਸ਼

ਕੋਟਕਪੂਰਾ, 28 ਜੁਲਾਈ, (ਪੋਸਟ ਬਿਊਰੋ)- ਅਕਾਲੀ-ਭਾਜਪਾ ਸਰਕਾਰ ਦੇ ਵਕਤ ਬਰਗਾੜੀ ਅਤੇ ਹੋਰ ਥਾਂਈਂ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਕੇਸਾਂ ਦੀ ਜਾਂਚ ਲਈ ਬਣੀ ਪਹਿਲੀ ਵਿਸ਼ੇਸ਼ ਜਾਂਚ ਟੀਮ (ਐੱਸਆਈ ਟੀ' ਦੇ ਮੁਖੀ ਰਹਿ ਚੁੱਕੇ ਓਦੋਂ ਦੇਡੀ ਆਈ ਜੀ ਰਣਬੀਰ ਸਿੰਘ ਖੱਟੜਾ ਵੱਲੋਂ ਪਿਛਲੇ ਦਿਨੀਂ ਸ੍ਰੀ ਅਕਾਲ ਤਖਤਦੇ ਜਥੇਦਾਰ ਵੱਲੋਂਸੱਦੀ ਮੀਟਿੰਗ ਦੌਰਾਨ ਰੁਪਿੰਦਰ ਸਿੰਘ ਪੰਜਗਰਾਈਂ ਅਤੇ ਚਮਕੌਰ ਸਿੰਘ ਭਾਈਰੂਪਾ ਦੇ ਖਿਲਾਫ਼ ਕੀਤੀ ਦੂਸ਼ਣਬਾਜੀ ਦਾ ਜਵਾਬ ਦਿੰਦਿਆਂ ਰੁਪਿੰਦਰ ਸਿੰਘ ਨੇ ਦੋਸ਼ ਲਾਇਆ ਕਿ ਬੇਅਦਬੀ ਕਾਂਡ ਦੀ ਜਾਂਚ ਨੂੰ ਮਰੋੜਾ ਦੇਣ ਵਾਸਤੇਰਣਬੀਰ ਸਿੰਘ ਖੱਟੜਾਅੱਜਕੱਲ੍ਹ ਇੱਕ ਟਿਕਟ ਦੀ ਝਾਕ ਵਿੱਚ ਬਾਦਲਾਂ ਦੀ ਬੋਲੀ ਬੋਲ ਰਿਹਾ ਹੈ।



ਰੁਪਿੰਦਰ ਸਿੰਘ ਪੰਜਗਰਾਈਂ ਨੇ ਚੁਣੌਤੀ ਦਿੱਤੀ ਕਿ ਰਣਬੀਰ ਸਿੰਘ ਖੱਟੜਾ ਮੇਰੇ ਉੱਤੇਲਾਏ ਦੋਸ਼ ਸਿੱਧ ਕਰ ਦੇਵੇ ਤਾਂ ਮੈਂ ਆਪਣਾ ਸਿਰ ਕਟਵਾਉਣ ਨੂੰ ਤਿਆਰ ਹਾਂ, ਵਰਨਾ ਉਹ ਖੁਦ ਸੰਗਤ ਵੱਲੋਂ ਲੱਗਣ ਵਾਲੀ ਸਜ਼ਾ ਕਬੂਲਣ ਦੀ ਸ਼ਰਤ ਮੰਨ ਲਵੇ। ਉਨ੍ਹਾਂ ਕਿਹਾ ਕਿ ਬੱਤੀਆਂ ਵਾਲਾ ਚੌਂਕ ਕੋਟਕਪੂਰਾ ਵਿੱਚ ਪੁਲਿਸ ਵੱਲੋਂ ਕਬਜ਼ੇਵਿੱਚਲਏ ਸੀਸੀਟੀ ਵੀ ਕੈਮਰੇ ਉਦੋਂ ਵੀ ਸਨ ਅਤੇ ਅੱਜ ਵੀਲੱਗੇ ਹਨ ਤੇ ਇਕ-ਇਕ ਮਿੰਟ ਦੀ ਫੁਟੇਜ ਪੁਲਿਸ ਕੋਲ ਹੈ, ਰਣਬੀਰ ਸਿੰਘ ਖੱਟੜਾ ਨੇ ਜਾਂਚ ਅਫ਼ਸਰ ਹੁੰਦਿਆਂ ਉਹ ਫੁਟੇਜ ਆਪਣੇ ਕਬਜ਼ੇ ਵਿੱਚ ਲਈ ਸੀ, ਸਭ ਕੁਝ ਪਤਾ ਹੋਣ ਦੇ ਬਾਵਜੂਦ ਖੱਟੜਾਅੱਜ ਜਿਵੇਂ ਉਸ ਕੇਸ ਨੂੰ ਗਲਤ ਰੰਗ ਦੇਣ ਦੇ ਯਤਨ ਵਿੱਚ ਹੈ, ਇਹ ਕਿਸੇ ਗੰਭੀਰ ਸਾਜ਼ਿਸ਼ ਤੋਂ ਘੱਟ ਨਹੀਂ।ਰੁਪਿੰਦਰ ਸਿੰਘ ਨੇ ਦੱਸਿਆ ਕਿ ਬਲਰਾਜ ਸਿੰਘ ਰੋੜਾਂਵਾਲੀ ਤੇ ਬੇਅੰਤ ਸਿੰਘ ਓਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਖਿਲਾਰੇ ਹੋਏ ਅੰਗ ਬੜੇ ਸਤਿਕਾਰ ਨਾਲ ਲੈ ਕੇ ਗਏ ਤੇ ਸਤਿਕਾਰ ਨਾਲ ਪੁਲਿਸ ਨੇ ਉਨ੍ਹਾਂ ਤੋਂ ਲਏ ਸਨ। ਰੁਪਿੰ-ਦਰ ਸਿੰਘ ਨੇ ਦੋਸ਼ ਲਾਇਆ ਕਿ ਡੇਰਾ ਪ੍ਰੇਮੀਆਂ ਨਾਲੋਂ ਬਾਦਲਾਂ ਦੀ ਸਾਂਝ ਟੁੱਟਣ ਕਰ ਕੇ ਰਣਬੀਰ ਸਿੰਘ ਖੱਟੜਾ ਪੰਥਕ ਵੋਟ ਬੈਂਕ ਬਾਦਲਾਂ ਦੇ ਹੱਕ ਵਿੱਚ ਕਰਨ ਦੇ ਪੈਂਤੜੇ ਖੇਡ ਰਿਹਾ ਹੈ, ਪਰ ਬੇਅਦਬੀ ਕਾਂਡ ਬਾਰੇ ਉਸ ਨੂੰ ਏਦਾਂ ਨਹੀਂ ਕਰਨ ਦਿੱਤਾ ਜਾਵੇਗਾ। ਰੁਪਿੰਦਰ ਸਿੰਘ ਨੇ ਦੁਹਰਾਇਆ ਕਿ ਉਹ ਨਾਰਕੋ ਟੈਸਟ ਸਮੇਤ ਹਰ ਤਰ੍ਹਾਂ ਦੀ ਜਾਂਚ ਵਿੱਚ ਸ਼ਾਮਲ ਹੋਣ ਲਈ ਹਮੇਸ਼ਾ ਤਿਆਰ ਰਹੇ ਹਨ,ਸ਼ਾਮਲ ਹੁੰਦੇ ਰਹੇ ਹਨ ਅਤੇ ਅੱਜ ਤੱਕ ਤਿਆਰ ਹਨ।ਇਸ ਮੌਕੇ ਸਿੱਖ ਆਗੂ ਬੇਅੰਤ ਸਿੰਘ ਨੇ ਮੀਡੀਆ ਕੋਲ ਹੈਰਾਨੀ ਪ੍ਰਗਟ ਕੀਤੀ ਕਿ ਪੁਲਿਸ ਵੱਲੋਂਲੱਗੇ ਸੀ ਸੀ ਟੀ ਵੀ ਕੈਮਰਿਆਂ ਦੀ ਮੌਜੂਦਗੀ ਵਿੱਚ ਵਾਪਰੀਆਂ ਘਟਨਾਵਾਂ ਨੂੰ ਗਲਤ ਰੰਗਤ ਦਿੱਤੀ ਜਾ ਰਹੀ ਹੈ।

# ਕੌਮੀ ਗੱਠਜੋੜ ਬਣਾਉਣ ਰੁੱਝੀ ਮਮਤਾ ਨੇ ਕਿਹਾ : ਪੂਰੇ ਦੇਸ਼ ਵਿਚ 'ਖੇਲਾ ਹੋਬੇ'

ਨਵੀਂ ਦਿੱਲੀ, 28 ਜੁਲਾਈ, (ਪੋਸਟ ਬਿਊਰੋ)- ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਇਸ ਵੇਲੇ ਜਦੋਂ ਦਿੱਲੀ ਦੌਰੇ ਉਤੇ ਹਨ ਤਾਂ ਇਸ ਮੌਕੇ ਉਨ੍ਹਾਂ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨਾਲ ਵੀ ਮੁਲਾਕਾਤ ਦੇ ਬਾਅਦ ਕਿਹਾ ਕਿ 'ਕਾਂਗਰਸ ਪ੍ਰਧਾਨ ਨਾਲ ਉਨ੍ਹਾਂ ਦੇ ਚੰਗੇ ਸਬੰਧ ਹਨ।' ਉਨ੍ਹਾਂ ਕਿਹਾ ਕਿ "ਅਰਵਿੰਦ ਕੇਜਰੀਵਾਲ ਨੂੰ ਵੀ ਮਿਲਣਗੇ ਤੇ ਲਾਲੂ ਯਾਦਵ ਨਾਲ ਵੀ ਗੱਲ ਹੋਈ ਹੈ। ਹਰ ਕੋਈ ਇਕੱਠੇ ਹੋਣਾ ਚਾਹੁੰਦਾ ਹੈ। ਮੈਂ ਕੋਈ ਰਾਜਨੀਤਿਕ ਜੋਤਸ਼ੀ ਨਹੀਂ, ਪਰ 'ਖੇਲਾ ਹੋਬੇ' ਦੀ ਗੂੰਜ ਸਾਰੇ ਦੇਸ਼ ਵਿੱਚ ਸੁਣਾਈ ਦੇਵੇਗੀ।" ਮਮਤਾ ਬੈਨਰਜੀ ਨੇ ਕਿਹਾ ਕਿ "ਅਸੀਂ ਬਹੁਤ ਦਿਨ 'ਅੱਛੇ ਦਿਨਾਂ' ਦੀ ਉਡੀਕ ਕਰ ਲਈ ਹੈ, ਅੱਗੋਂ ਅਸੀਂ 'ਸੱਚੇ ਦਿਨ' ਨੂੰ ਵੇਖਣਾ ਚਾਹੁੰਦੇ ਹਾਂ।"



ਇਸ ਮੌਕੇ ਮਮਤਾ ਬੈਨਰਜੀ ਨੇ ਇਹ ਵੀ ਕਿਹਾ ਕਿ ਦੇਸ਼ ਦੀ ਹਾਲਤ ਐਮਰਜੈਂਸੀ ਤੋਂ ਵੱਧ ਗੰਭੀਰ ਹੈ। ਵਿਰੋਧੀ ਏਕਤਾ ਬਾਰੇ ਮਮਤਾ ਬੈਨਰਜੀ ਨੇ ਕਿਹਾ ਕਿ ਸਾਰਾ ਸਿਸਟਮ ਰਾਜਨੀਤਕ ਪਾਰਟੀਆਂ ਉੱਤੇ ਨਿਰਭਰ ਹੈ, ਜਿਹੜਾ ਕੋਈ ਵੀ ਆਗੂ ਅਗਵਾਈ ਕਰਦਾ ਹੈ,'ਮੈਨੂੰ ਕੋਈ ਮੁਸ਼ਕਲ ਨਹੀਂ ਹੈ। ਇਹ ਪੁੱਛੇ ਜਾਣ ਉੱਤੇ ਕਿ ਖੁਦ ਮਮਤਾ ਬੈਨਰਜੀ ਚੋਣਾਂ ਵਿਚ ਵਿਰੋਧੀ ਧਿਰ ਦਾ ਚਿਹਰਾ ਬਣੇਗੀ, ਜਵਾਬ ਦਿੰਦਿਆਂ ਉਨ੍ਹਾਂ ਕਿਹਾ, ਸਾਰੇ ਵਿਰੋਧੀ ਨੇਤਾਵਾਂ ਨਾਲ ਮੇਰੇ ਚੰਗੇ ਸੰਬੰਧ ਹਨ।' ਇਸ ਤੋਂ ਪਹਿਲਾਂ ਸੱਤਾਧਾਰੀ ਐਨਡੀਏ ਗੱਠਜੋੜ ਦੇ ਵਿਰੁੱਧ ਸਾਰੀਆਂ ਵਿਰੋਧੀ ਧਿਰ ਦੀ ਏਕਤਾ ਬਾਰੇ ਪੁੱਛੇ ਜਾਣ ਉੱਤੇ ਮਮਤਾ ਨੇ ਕਿਹਾ ਕਿ ਇਹ ਆਪਣੇ ਆਪ ਹੋਵੇਗਾ।ਉਨ੍ਹਾ ਨੂੰ ਪੁੱਛਿਆ ਗਿਆ ਕਿ ਉਹ ਵਿਰੋਧੀ ਪਾਰਟੀਆਂ ਦੀ ਅਗਵਾਈ ਕਰਨਗੇ ਤਾਂ ਉਨ੍ਹਾਂ ਕਿਹਾ ਕਿ ਵਿਰੋਧੀ ਧਿਰਾਂ ਦੇ ਏਕੇ ਦੀ ਨੁਮਾਇੰਦਗੀ ਦੇਸ਼ ਕਰੇਗਾ।

ਮਮਤਾ ਬੈਨਰਜੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੈਗਾਸਸ ਜਾਸੂਸੀ ਕੇਸ ਦੀ ਗੰਭੀਰਤਾ ਨੂੰ ਵੇਖਦੇ ਹੋਏ ਸਰਬ ਪਾਰਟੀ ਮੀਟਿੰਗ ਸੱਦਣੀ ਚਾਹੀਦੀ ਤੇ ਸੁਪਰੀਮ ਕੋਰਟ ਦੀ ਅਗਵਾਈ ਵਿਚਜਾਂਚ ਕਰਾਉਣ ਦਾ ਫ਼ੈਸਲਾ ਲੈਣਾ ਚਾਹੀਦਾ ਹੈ। ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ ਵਿਚ ਜਿਤ ਤੋਂ ਬਾਅਦ ਤ੍ਰਿਣਮੂਲ ਕਾਂਗਰਸ ਦੀ ਮੁਖੀਮਮਤਾ ਬੈਨਰਜੀ ਦੀ ਦਿੱਲੀ ਵਿਚ ਸੀਨੀਅਰ ਸਿਆਸੀ ਆਗੂਆਂ ਨਾਲ ਮੁਲਾਕਾਤਾਂ ਦੀ ਇਹ ਪਹਿਲੀ ਲੜੀ ਹੈ।

# ਪੰਜਾਬ ਦੇ ਮਲਟੀ ਕਰੋੜ ਇਰੀਗੇਸ਼ਨ ਘੋਟਾਲੇ ਵਿੱਚ 42 ਕਰੋੜ ਰੁਪਏ ਦੀ ਜਾਇਦਾਦ ਅਟੈਚ

## * ਅਕਾਲੀ-ਭਾਜਪਾ ਸਰਕਾਰ ਵੇਲੇ ਹੋਏ ਘਪਲੇ ਵਿੱਚ ਈ ਡੀ ਵੱਲੋਂ ਕਾਰਵਾਈ

ਲੁਧਿਆਣਾ, 28 ਜੁਲਾਈ, (ਪੋਸਟ ਬਿਊਰੋ)- ਪੰਜਾਬ ਵਿੱਚ ਅਕਾਲੀ-ਭਾਜਪਾ ਸਰਕਾਰ ਦੇ ਸਮੇਂ ਹੋਏ ਇਰੀਗੇਸ਼ਨ ਘਪਲੇਦੇਦੋਸ਼ੀ ਦੀ 42 ਕਰੋੜ ਰੁਪਏ ਦੀ ਜਾਇਦਾਦ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਅਟੈਚ ਕੀਤੀ ਹੈ। ਮਿਲੀ ਜਾਣਕਾਰੀ ਮੁਤਾਬਕ ਈ ਡੀ ਜਲੰਧਰ ਨੇ ਗੁਰਿੰਦਰ ਸਿੰਘ ਕੰਟ੍ਰੈਕਟਰ ਕੇਸ ਵਿਚ ਉਸ ਦੀ ਜਾਇਦਾਦ ਅਟੈਚ ਕਰਨ ਦਾ ਹੁਕਮ ਜਾਰੀ ਕੀਤਾ ਹੈ, ਜਿਸ ਨੂੰ ਵਿਜੀਲੈਂਸ ਬਿਊਰੋ ਨੇ 2017 ਵਿਚ ਭ੍ਰਿਸ਼ਟਾਚਾਰ /ਮਲਟੀ ਕਰੋੜ ਇਰੀਗੇਸ਼ਨ ਘਪਲੇ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਸੀ।ਭ੍ਰਿਸ਼ਟਾਚਾਰ ਦੇ ਉਨ੍ਹਾਂ ਹੀਦੋਸ਼ਾਂ ਮੁਤਾਬਕ ਈ ਡੀ ਜਲੰਧਰ ਦਫਤਰ ਵੱਲੋਂ ਮਨੀ ਲਾਂਡਰਿੰਗ ਦਾ ਕੇਸ ਸ਼ੁਰੂ ਕੀਤਾ ਗਿਆ ਤਾਂ ਵਿਭਾਗ ਵੱਲੋਂ ਕੀਤੀ ਜਾਂਚਤੋਂ ਪਤਾ ਲੱਗਾ ਹੈ ਕਿ ਗੁਰਿੰ-ਦਰ ਸਿੰਘ ਕੰਟ੍ਰੈਕਟਰ ਦੇ ਬੈਂਕ ਖਾਤਿਆਂ ਵਿਚ 42 ਕਰੋੜ ਰੁਪਏ ਅਪਰਾਧ ਦੀ ਕਮਾਈ ਰਕਮ ਮੌਜੂਦ ਹੈ, ਜਿਸ ਨੂੰ ਵਿਭਾਗ ਨੇ ਅਟੈਚ ਕੀਤਾ ਹੈ।ਦੱਸਿਆ ਗਿਆ ਹੈ ਕਿਈ ਡੀਵੱਲੋਂ ਕੇਸ ਵਿਚ ਚੱਲ ਰਹੀ ਜਾਂਚ ਵਿੱਚ ਗੁਰਿੰਦਰ ਸਿੰਘ ਦੀ ਹੋਰ ਚੱਲ ਤੇ ਅਚੱਲ ਜਾਇਦਾਦ ਵੀ ਫੋਲੀ ਜਾ ਰਹੀ ਹੈ ਤੇ ਵਿਭਾਗ ਉਸ ਵਕਤ ਦੀਅਕਾਲੀ-ਭਾਜਪਾ ਸਰਕਾਰ ਵੇਲੇ ਦੇ ਵੱਡੇ ਸਰਕਾਰੀ ਅਧਿਕਾਰੀਆਂ ਅਤੇ ਸਿਆਸੀ ਆਗੂਆਂ ਬਾਰੇ ਵੀ ਚੁੱਪ-ਚੁਪੀਤੇ ਜਾਂਚ ਕਰ ਰਿਹਾ ਹੈ।

ਪੰਜਾਬ ਵਿਜੀਲੈਂਸ ਬਿਊਰੋ ਨੇ ਸਾਲ 2017 ਵਿਚ ਪਿਛਲੀ ਸਰਕਾਰ ਵੇਲੇ ਕਰੋੜਾਂ ਰੁਪਏ ਦੇ ਇਰੀਗੇਸ਼ਨ ਘਪਲੇ ਦੇ ਮੁੱਖ ਦੋਸ਼ੀ ਕੰਟ੍ਰੈਕਟਰ ਗੁਰਿੰਦਰ ਸਿੰਘ ਨੂੰ ਮੋਹਾਲੀ ਦੀ ਇਕ ਅਦਾਲਤਵਿੱਚ ਆਤਮ ਸਮਰਪਣ ਕਰਨ ਪਿੱਛੋਂ ਗ੍ਰਿਫਤਾਰ ਕੀਤਾ ਸੀ। ਇਸ ਮਾਮਲੇ ਵਿੱਚ ਸੁਪਰੀਮ ਕੋਰਟ ਨੇ ਪੰਜਾਬ ਹਰਿਆਣਾ ਹਾਈ ਕੋਰਟ ਦਾ ਫੈਸਲਾਕਾਇਮ ਰੱਖ ਕੇ ਗੁਰਿੰਦਰ ਸਿੰਘ ਨੂੰ ਅਗੇਤੀ ਜ਼ਮਾਨਤ ਤੋਂ ਇਨਕਾਰ ਕਰ ਕੇ ਜਾਂਚਵਿੱਚ ਸ਼ਾਮਲ ਹੋਣ ਲਈ ਇਕ ਹਫਤੇ ਦੇ ਅੰਦਰ ਆਤਮਸਮਰਪਣ ਦਾ ਹੁਕ-ਮਦਿੱਤਾ ਸੀ। ਉਸ ਦੇ ਆਤਮਸਮ-ਰਪਣ ਪਿੱਛੋਂ ਮੋਹਾਲੀ ਅਦਾਲਤ ਨੇ ਉਸ ਨੂੰ ਹਿਰਾਸਤਵਿੱਚ ਭੇਜ ਦਿੱਤਾ।

ਉਸ ਵਕਤ ਸ਼ੁਰੂ ਹੋਈ ਜਾਂਚ ਦੌਰਾਨ ਵਿਜੀਲੈਂਸ ਨੂੰ ਪਤਾ ਲੱਗਾ ਸੀ ਕਿ ਗੁਰਿੰਦਰ ਸਿੰਘ ਦੀ ਮਾਲਕੀ ਵਾਲੀ ਫਰਮ,ਗੁਰਿੰਦਰ ਸਿੰਘ ਐਂਡ ਕੰਪਨੀ, ਦੀ ਵਿਭਾਗ ਦੇ ਇੰਜੀਨੀਅਰਾਂ ਵੱਲੋਂਲਿਹਾਜਦਾਰੀ ਕੀਤੀ ਜਾਂਦੀਸੀ ਤੇ ਵਿਭਾਗ ਦੇ ਨਿਯਮਾਂ ਤੇ ਨਿਰਦੇਸ਼ਾਂ ਦੀ ਉਲੰਘਣਾ ਕਰ ਕੇ ਉਨ੍ਹਾਂ ਨੂੰ ਕੁੱਲ ਕੰਮਾਂ ਦਾ 60 ਫੀਸਦੀ ਤੋਂ ਵੱਧ ਅਲਾਟ ਕੀਤਾ ਸੀ।ਵਿਜੀਲੈਂਸ ਬਿਊਰੋ ਨੇ ਵੇਖਿਆ ਕਿ ਗੁਰਿੰਦਰ ਦੀ ਫਰਮ ਨੂੰ ਸਿੰਗਲ ਟੈਂਡਰ ਦੇ ਬਾਵਜੂਦ ਉੱਚੀਆਂ ਦਰਾਂ ਉੱਤੇ ਕੰਮ ਦਿੱਤਾ ਗਿਆ, ਜੋ ਹਾਲਾਤ ਮੁਤਾਬਕ ਗਲਤ ਸੀ। ਦਸਤਾਵੇਜ਼ਾਂ ਤੋਂ ਪਤਾ ਲੱਗਾ ਕਿ ਗੁਰਿੰਦਰ ਦੀ ਕੰਪਨੀ ਦਾ ਸਾਲਾਨਾ ਕਾਰੋਬਾਰ ਬਹੁਤ ਘੱਟ ਸਮੇਂ ਵਿਚ 4.5 ਕਰੋੜ ਰੁਪਏ ਤੋਂ ਵਧ ਕੇ ਲਗਭਗ 300 ਕਰੋੜ ਰੁਪਏ ਹੋ ਗਿਆ ਸੀ।ਵਿਜੀਲੈਂਸ ਬਿਊਰੋ ਨੇ ਮੋਹਾਲੀ ਦੇ ਵਿਜੀਲੈਂਸ ਥਾਣੇ ਵਿਚ ਇਸ ਬਾਰੇ ਭ੍ਰਿਸ਼ਟਾਚਾਰ ਰੋਕੂ ਐਕਟ ਹੇਠ ਟੈਂਡਰਾਂ ਦੀ ਅਲਾਟਮੈਂਟ ਵਿਚ ਗੁਰਿੰਦਰ ਸਿੰਘ ਅਤੇ ਹੋਰਨਾਂ ਖਿਲਾਫ ਲੱਗੇ ਬੇਨਿਯਮੀਆਂ ਤੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੀ ਜਾਂਚ ਲਈ ਕੇਸ ਦਰਜ ਕਰ ਲਿਆ ਸੀ। ਇਸ ਵਕਤ ਜਿਹੜੀ ਜਾਇਦਾਦ ਕੇਂਦਰ ਸਰਕਾਰ ਦੇ ਹੇਠ ਕੰਮ ਕਰਦੇ ਈ ਡੀ ਨੇ ਅਟੈਚ ਕੀਤੀ ਹੈ, ਇਹ ਉਸੇ ਕੇਸ ਦੀ ਜਾਂਚ ਦਾ ਨਤੀਜਾ ਹੈ।


# ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com

647-739-4641
346-714-0224


# ਫੇਰਿਆਂ ਤੋਂ ਪਹਿਲਾਂ ਵਿਆਹ ਮੰਡਪ ਤੋਂ ਕੁੜੀ ਦੇ ਮਾਪਿਆਂ ਵੱਲੋਂ ਲਾੜਾ-ਲਾੜੀ ਅਗਵਾ

ਜਗਰਾਓਂ, 28 ਜੁਲਾਈ (ਪੋਸਟ ਬਿਊਰੋ)- ਇਸ ਸ਼ਹਿਰ ਦੇ ਨੇੜੇ ਪੈਂਦੇ ਕੋਠੇ ਬੱਗੂ ਦੇ ਗੁਰਦੁਆਰਾ ਸਾਹਿਬ ਵਿੱਚ ਚੱਲਦੇ ਵਿਆਹ ਦੌਰਾਨ ਲਾੜਾ-ਲਾੜੀ ਨੂੰ ਕਿਡਨੈਪ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਲਾੜੇ ਦੇ ਪਰਵਾਰ ਵੱਲੋਂ ਲੜਕੀ ਦੇ ਪਰਵਾਰ ਉੱਤੇ ਲਾੜਾ-ਲਾੜੀ ਨੂੰ ਕਿਡਨੈਪ ਕਰਨ ਦੇ ਦੋਸ਼ ਲਾਏ ਹਨ।

ਵਰਨਣ ਯੋਗ ਹੈ ਕਿ ਕਿਡਨੈਪਿੰਗ ਤੋਂ ਪਹਿਲਾਂ ਦੋਸ਼ੀਆਂ ਨੇ ਲੜਕੀ ਨੂੰ ਵਾਲਾਂ ਤੋਂ ਫੜ ਕੇ ਸਿਹਰੇ ਬੰਨ੍ਹੇ ਲਾੜੇ ਨੂੰ ਕੁੱਟ ਕੇ ਗੱਡੀ ਵਿੱਚ ਬਿਠਾਇਆ ਅਤੇ ਫਰਾਰ ਹੋ ਗਏ। ਲਾੜਾ ਜ਼ਿਲ੍ਹਾ ਮੋਗਾ ਦੇ ਪਿੰਡ ਬੁੱਟਰ ਦਾ ਵਸਨੀਕ ਹੈ ਅਤੇ ਲੜਕੀ ਪਿੰਡ ਘੱਲ ਕਲਾਂ ਜ਼ਿਲ੍ਹਾ ਮੋਗਾ ਦੀ ਰਹਿਣ ਵਾਲੀ ਹੈ, ਜੋ ਪਿੰਡ ਬੁੱਟਰ ਵਿੱਚ ਆਪਣੀ ਭੂਆ ਕੋਲ ਰਹਿੰਦੀ ਸੀ। ਜਾਣਕਾਰ ਸੂਤਰਾਂ ਮੁਤਾਬਕ ਉਥੇ ਦੋਵਾਂ ਦੇ ਪ੍ਰੇਮ ਸੰਬੰਧ ਬਣ ਗਏ। ਅੱਠ ਦਿਨ ਪਹਿਲਾਂ ਲੜਕੇ ਅਤੇ ਲੜਕੀ ਨੇ ਲੜਕੇ ਪਰਵਾਰ ਦੀ ਰਜ਼ਾਮੰਦੀ ਨਾਲ ਬਿਨਾਂ ਵਕੀਲ ਦੀ ਮਦਦ ਲਏ ਪੇਪਰ ਮੈਰਿਜ ਕਰ ਲਈ ਸੀ। ਲੜਕੇ ਦਾ ਇੱਕ ਭਰਾ ਆਪਣੇ ਪਰਵਾਰ ਸਣੇ ਜਗਰਾਓਂ ਨੇੜੇ ਪਿੰਡ ਲੀਲਾ ਮੇਘ ਸਿੰਘ ਵਿੱਚ ਰਹਿੰਦਾ ਹੈ। ਉਸ ਦੀ ਕੋਠੇ ਬੱਗੂ ਦੇ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘ ਨਾਲ ਜਾਣ-ਪਛਾਣ ਸੀ। ਕੱਲ੍ਹ ਲੜਕੇ-ਲੜਕੀ ਨੂੰ ਵਿਆਹ ਲਈ ਗੁਰਦੁਆਰਾ ਸਾਹਿਬ ਬੁਲਾਇਆ ਗਿਆ ਸੀ। ਲੜਕੇ ਪਰਵਾਰ ਦਾ ਦੋਸ਼ ਹੈ ਕਿ ਲੜਕੀ ਪਰਵਾਰ ਨੂੰ ਇਸ ਦੀ ਸੂਚਨਾ ਮਿਲਣ ਉੱਤੇ ਤਿੰਨ-ਚਾਰ ਗੱਡੀਆਂ ਵਿੱਚ ਮੂੰਹ ਬੰਨ੍ਹੀ ਦਰਜਨਾਂ ਲੋਕ ਤੇਜ਼ਧਾਰ ਹਥਿਆਰ ਲੈ ਕੇ ਗੁਰਦੁਆਰਾ ਸਾਹਿਬ ਵਿੱਚ ਆਏ ਅਤੇ ਲਾੜੀ ਤੇ ਲਾੜੇ ਨੂੰ ਕਿਡਨੈਪ ਕਰ ਕੇ ਗੱਡੀਆਂ ਵਿੱਚ ਬਿਠਾ ਕੇ ਲੈ ਗਏ। ਇਸ ਘਟਨਾ ਦੀ ਜਾਣਕਾਰੀ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘ ਨੇ ਪਿੰਡ ਦੇ ਸਰਪੰਚ ਨਵਦੀਪ ਸਿੰਘ ਨੂੰ ਦਿੱਤੀ, ਜਿਨ੍ਹਾਂ ਨੇ ਅੱਗੇ ਪੁਲਸ ਨੂੰ ਦੱਸਿਆ। ਡੀ ਐਸ ਪੀ ਹਰਸ਼ਦੀਪ ਸਿੰਘ ਨੇ ਦੱਸਿਆ ਕਿ ਘਟਨਾ ਦੀ ਜਾਣਕਾਰੀ ਮਿਲਦੇ ਹੀ ਬੱਸ ਸਟੈਂਡ ਪੁਲਸ ਚੌਕੀ ਇੰਚਾਰਜ ਕਮਲਦੀਪ ਕੌਰ ਮੌਕੇ ਉੱਤੇ ਪਹੁੰਚੀ ਤੇ ਉਨ੍ਹਾਂ ਨੇ ਗੁਰਦੁ-ਆਰਾ ਸਾਹਿਬ ਦੇ ਅੰਦਰ ਲੱਗੇ ਸੀ ਸੀ ਟੀ ਵੀ ਕੈਮਰੇ ਦੀ ਫੁਟੇਜ ਨੂੰ ਆਪਣੇ ਕਬਜ਼ੇ ਵਿੱਚ ਲਿਆ। ਲੜਕੇ ਦੇ ਪਿਤਾ ਪੂਰਨ ਸਿੰਘ ਦੇ ਬਿਆਨਾਂ ਉੱਤੇ ਲੜਕੀ ਦੇ ਪਰਵਾਰ ਦੇ ਕਈ ਮੈਂਬਰਾਂ ਉੱਤੇ ਥਾਣਾ ਸਿਟੀ ਵਿੱਚ ਕੇਸ ਦਰਜ ਕੀਤਾ ਗਿਆ ਹੈ।

# ਨੌਜਵਾਨ ਦਾ ਕਤਲ ਕਰ ਕੇ ਲਾਸ਼ ਰੇਲਵੇ ਲਾਈਨ ਉੱਤੇ ਸੁੱਟੀ

ਬਠਿੰਡਾ, 28 ਜੁਲਾਈ (ਪੋਸਟ ਬਿਊਰੋ)- ਕੱਲ੍ਹ ਇੱਥੇ ਰੇਲਵੇ ਲਾਈਨਾਂ ਤੋਂ ਇੱਕ ਨੌਜਵਾਨ ਦੀ ਲਾਸ਼ ਮਿਲੀ ਹੈ, ਜਿਸ ਦਾ ਕਤਲ ਹੋਇਆ ਜਾਪ ਰਿਹਾ ਹੈ। ਰੇਲਵੇ ਪੁਲਸ ਨੇ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਆਰੰਭ ਦਿੱਤੀ ਹੈ।

ਮਿਲੀ ਜਾਣਕਾਰੀ ਮੁਤਾਬਕ ਕੱਲ੍ਹ ਸਵੇਰੇ ਸਹਾਰਾ ਜਨਸੇਵਾ ਬਠਿੰਡਾ ਦੇ ਦਫ਼ਤਰ ਵਿੱਚ ਸੂਚਨਾ ਮਿਲੀ ਕਿ ਬੀਕਾਨੇਰ ਰੇਲਵੇ ਲਾਈਨ ਉੱਤੇ ਸੰਗੂਆਣਾ ਬਸਤੀ ਨੇੜੇ ਇੱਕ ਨੌਜਵਾਨ ਦੀ ਲਾਸ਼ ਪਈ ਹੈ। ਰੇਲਵੇ ਪੁਲਸ ਓਥੇ ਪਹੁੰਚੀ, ਜਿਸ ਦੀ ਅਗਵਾਈ ਏ ਐੱਸ ਆਈ ਮਲਕੀਤ ਸਿੰਘ ਕਰ ਰਹੇ ਸਨ। ਉਨ੍ਹਾਂ ਦੇ ਦੱਸਣ ਅਨੁਸਾਰ ਉਕਤ ਵਿਅਕਤੀ ਆਰਕੈਸਟਰਾ ਦਾ ਕੰਮ ਕਰਦਾ ਸੀ ਅਤੇ ਉਸ ਦਾ ਆਪਣੀ ਪਹਿਲੀ ਪਤਨੀ ਨਾਲ ਤਲਾਕ ਦਾ ਕੇਸ ਚੱਲ ਰਿਹਾ ਸੀ। ਉਹ ਬਠਿੰਡਾ ਵਿੱਚ ਦੂਸਰੀ ਪਤਨੀ ਨਾਲ ਰਹਿ ਰਿਹਾ ਸੀ। ਉਨ੍ਹਾਂ ਦੱਸਿਆ ਕਿ ਇਹ ਮਾਮਲਾ ਕਤਲ ਦਾ ਹੀ ਜਾਪ ਰਿਹਾ ਹੈ।


ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ

ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ।

ਸੰਪਰਕ: ਅਜੈਬ ਸਹੋਤਾ

4165618882, 4164544587

# ਭਾਰਤ ਨੂੰ ਘੇਰਨ ਲਈ ਚੀਨ ਨੇ ਸਰਹੱਦ ਦੇ ਨੇੜੇ 16 ਏਅਰਬੇਸ ਬਣਾਏ

ਰਾਜਨੀਤਕ ਟਿਪਣੀਕਾਰ

ਪਿਛਲੇ ਸਾਲ ਗਲਵਾਨ ਘਾਟੀ ਵਿੱਚ ਭਾਰਤ ਅਤੇ ਚੀਨ ਵਿਚਾਲੇ ਹਿੰਸਕ ਝੜਪ ਪਿੱਛੋਂ ਦੋਵਾਂ ਦੇਸ਼ਾਂ ਵਿੱਚ ਅੱਜ ਤੱਕ 12 ਗੇੜ ਦੀ ਗੱਲਬਾਤ ਹੋ ਚੁੱਕੀ ਹੈ, ਪਰ ਤਣਾਅ ਘੱਟ ਹੋਣ ਦਾ ਨਾਂ ਨਹੀਂ ਲੈ ਰਿਹਾ। ਭਾਰਤ-ਚੀਨ ਵਿਚਕਾਰ ਅਜੇ ਵੀ ਪੂਰਬੀ-ਲੱਦਾਖ ਖੇਤਰ ਵਿੱਚ ਵੀ ਤਣਾਅ ਹੈ। ਇਸੇ ਦੌਰਾਨ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਅਚਾਨਕ ਤਿੱਬਤ ਦਾ ਦੌਰਾ ਕੀਤਾ, ਜਿਸ ਦੇ ਨੋ ਇਹ ਗੱਲ ਦੁਨੀਆ ਦੇ ਸਾਹਮਣੇ ਆਈ ਕਿ ਚੀਨ ਅਸਲ ਕੰਟਰੋਲ ਰੇਖਾ ਉੱਤੇ ਵੱਡੀ ਗਿਣਤੀ ਵਿੱਚ ਫੌਜ, ਅਸਲਾ-ਬਾਰੂਦ ਅਤੇ ਫ਼ੌਜੀ ਸਾਜ਼ੋ-ਸਾਮਾਨ ਇਕੱਠਾ ਕਰਨ ਲੱਗਾ ਹੋਇਆ ਹੈ।

ਭਾਰਤ ਨਾਲ ਲੱਗਦੇ ਚੀਨ ਓਧਰਲੇ ਇਲਾਕਿਆਂ ਵਿੱਚ 1-2 ਨਹੀਂ, 16 ਹਵਾਈ ਪੱਟੀਆਂ ਬਣਾ ਰਿਹਾ ਹੈ। ਇਨ੍ਹਾਂ ਵਿੱਚ ਕੁਝ ਪੁਰਾਣੇ ਏਅਰਬੇਸ ਹਨ, ਜਿਨ੍ਹਾਂ ਦਾ ਚੀਨ ਵਾਧਾ ਕਰਵਾ ਰਿਹਾ ਹੈ। ਕੁਝ ਨਵੇਂ ਏਅਰਬੇਸ ਬਣਾ ਰਿਹਾ ਹੈ। ਕਈ ਏਅਰਬੇਸ ਅਜਿਹੇ ਹਨ, ਜਿਨ੍ਹਾਂ ਦੀ ਸਿਵਲ ਅਤੇ ਫ਼ੌਜ ਦੋਵਾਂ ਤਰ੍ਹਾਂ ਵਰਤੋਂ ਬਾਰੇ ਚੀਨ ਕੰਮ ਕਰ ਰਿਹਾ ਹੈ। ਖੁਫੀਆ ਸੂਤਰਾਂ ਅਨੁਸਾਰ ਚੀਨ ਇਸ ਸਮੇਂ ਜਿਨ੍ਹਾਂ 16 ਹਵਾਈ ਪੱਟੀਆਂ ਉੱਤੇ ਕੰਮ ਕਰ ਰਿਹਾ ਹੈ, ਉਨ੍ਹਾਂ ਵਿੱਚੋਂ ਵਧੇਰੇ ਲੱਦਾਖ, ਉਤਰਾਖੰਡ ਤੇ ਹਿਮਾ-ਚਲ ਪ੍ਰਦੇਸ਼ ਅਤੇ ਕੁਝ ਹਵਾਈ ਪੱਟੀਆਂ ਭਾਰਤ, ਨੇਪਾਲ ਅਤੇ ਤਿੱਬਤ ਦੀਆਂ ਸਰਹੱਦਾਂ ਦੇ ਜੋੜ ਤੋਂ ਜ਼ਿਆਦਾ ਦੂਰ ਨਹੀਂ ਹਨ। ਚੀਨ ਆਪਣੀ ਫ਼ੌਜੀ ਵਰਤੋਂ ਲਈ ਜਿਹੜੇ ਏਅਰਬੇਸ ਜਾਂ ਹਵਾਈ ਪੱਟੀਆਂ ਦਾ ਉਸਾਰੀ ਕਰਵਾ ਰਿਹਾ ਹੈ, ਉਨ੍ਹਾਂ ਵਿੱਚੋਂ ਸਭ ਤੋਂ ਵੱਧ ਉਸਦੇ ਦੱਖਣ-ਪੱਛਮੀ ਸੂਬੇ ਸ਼ਿਨਜਿਆਂਗ ਵਿੱਚ ਹਨ, ਜੋ ਭਾਰਤ, ਪਾਕਿਸਤਾਨ, ਅਫਗਾਨਿਸਤਾਨ ਤੇ ਰੂਸ ਨਾਲ ਆਪਣੀਆਂ ਸਰਹੱਦਾਂ ਜੋੜਦਾ ਹੈ। ਇਹ ਇਲਾਕੇ ਲੱਦਾਖ ਤੋਂ ਜ਼ਿਆਦਾ ਦੂਰ ਨਹੀਂ ਹਨ। ਲੱਦਾਖ ਦੇ ਨੇੜੇ ਦਾ ਇਹ ਉਹੀ ਖੇਤਰ ਹੈ ਜੋ ਪਿਛਲੇ ਇੱਕ ਸਾਲ ਤੋਂ ਭਾਰਤ ਅਤੇ ਚੀਨ ਵਿਚਾਲੇ ਫ਼ੌਜੀ ਝੜਪ ਦਾ ਕੇਂਦਰ ਰਿਹਾ ਹੈ। ਇਸਦੇ ਇਲਾਵਾ ਚੀਨ ਆਪਣੇ ਦੋ ਨਵੇਂ ਏਅਰਬੇਸ ਅਰੁਣਾਚਲ ਪ੍ਰਦੇਸ਼ ਨਾਲ ਲੱਗਦੇ ਆਪਣੇ ਇਲਾਕੇ ਵਿੱਚ ਬਣਾ ਰਿਹਾ ਹੈ, ਜਿਸ ਦੇ ਬਾਰੇ ਕਿਹਾ ਜਾ ਰਿਹਾ ਹੈ ਕਿ ਇਹ ਏਅਰਬੇਸ ਸਾਲ 2022 ਤੱਕ ਤਿਆਰ ਹੋ ਜਾਣਗੇ।

ਚੀਨ ਨਾਲ ਅਜੇ ਤੱਕ 12 ਗੇੜ ਦੀ ਗੱਲਬਾਤ ਦਾ ਕੋਈ ਨਤੀਜਾ ਨਹੀਂ ਨਿਕਲਿਆ। ਇਸਦਾ ਇੱਕ ਮਤਲਬ ਇਹ ਵੀ ਹੋ ਸਕਦਾ ਹੈ ਕਿ ਚੀਨ ਭਾਰਤ ਨੂੰ ਗੱਲਾਂ ਵਿੱਚ ਉਲਝਾਏ ਰੱਖਣਾ ਚਾਹੁੰਦਾ ਹੈ, ਦੂਸਰੇ ਪਾਸੇ ਫ਼ੌਜੀ ਤਿਆਰੀਆਂ ਬਹੁਤ ਤੇਜ਼ੀ ਨਾਲ ਕਰ ਰਿਹਾ ਹੈ। ਜਦੋਂ ਚੀਨ ਦੀਆਂ ਫ਼ੌਜੀ ਤਿਆਰੀਆਂ ਪੂਰੀਆਂ ਹੋ ਜਾਣਗੀਆਂ, ਉਦੋਂ ਉਹ ਭਾਰਤ ਉੱਤੇ ਹਮਲਾ ਕਰ ਸਕਦਾ ਹੈ। ਭਾਰਤੀ ਹੱਦ ਦੇ ਨੇੜੇ ਬਣੇ ਚੀਨੀ ਫ਼ੌਜੀ ਹਵਾਈ ਅੱਡਿਆਂ ਵਿੱਚ ਅਰਿਗੁੰਸਾ, ਬੁਰਾਂਗ ਅਤੇ ਤਾਕਸਕੋ-ਗਰਨ ਮਹੱਤਵ ਪੂਰਨ ਹਨ, ਕਿਉਂਕਿ ਇਨ੍ਹਾਂ ਨੂੰ ਫ਼ੌਜੀ ਵਰਤੋਂ ਦੇ ਨਾਲ-ਨਾਲ ਸਿਵਲ ਵਰਤੋਂ ਲਈ ਵੀ ਤਿਆਰ ਕੀਤਾ ਗਿਆ ਹੈ। ਤਾਕਸਕੋਰਗਨ ਚੀਨ ਦੇ ਪੱਛਮੀ ਸ਼ਿਨਜਿਆਂਗ ਸੂਬੇ ਵਿੱਚ ਖੁਦਮੁਖਤਿਆਰ ਤਾਜਿਕ ਕਾਊਂਟੀ ਹੈ, ਜੋ ਕਾਸ਼ਗਰ ਪ੍ਰੀਫੈਕਚਰ ਵਿੱਚ ਵਸਿਆ ਹੈ। ਇਹ ਖੇਤਰ ਚੀਨ ਲਈ ਬਹੁਤ ਮਹੱਤਵ ਪੂਰਨ ਹੈ ਕਿਉਂਕਿ ਇਹ ਪੂਰਬੀ ਪਾਮੀਰ ਪਠਾਰ ਉੱਤੇ ਹੈ ਜੋ ਕਨਲਨ, ਕਾਰਾਕੋਰਮ, ਹਿੰਦੂਕੁਸ਼ ਅਤੇ ਤਿਆਨਸ਼ਾਨ ਪਹਾੜੀ ਦੱਰਿਆਂ ਦੇ ਵਿਚਕਾਰ ਸਥਿਤ ਹੈ। ਇਸ ਖੇਤਰ ਦੀਆਂ ਹੱਦਾਂ ਅਫਗਾਨਿਸਤਾਨ ਦੇ ਵਾਖਾਨ ਦੱਰੇ, ਤਾਜਿਕਿਸਤਾਨ ਦੇ ਗੋਰਨੋ-ਬਦਖਸ਼ਾਂ ਸੂਬੇ ਅਤੇ ਭਾਰਤ ਦੇ ਗਿਲਗਿਤ-ਬਾਲਿਟਸਤਾਨ ਨਾਲ ਮਿਲਦੀਆਂ ਹਨ। ਇੱਥੇ ਚੀਨ ਨੇ ਆਪਣੀ ਇੱਕ ਨਵੀਂ ਹਵਾਈ ਪੱਟੀ ਬਣਾਈ ਹੈ, 10,000 ਫੁੱਟ ਦੀ ਉਚਾਈ ਉੱਤੇ ਮੌਜੂਦ ਇਹ ਹਵਾਈ ਅੱਡਾ ਭਾਰਤ ਦੇ ਸ਼ਿਆਚਿਨ ਇਲਾਕੇ ਤੋਂ ਕਾਫ਼ੀ ਨੇੜੇ ਹੈ। ਤਾਕਸਕੋਰਗਨ ਹਵਾਈ ਪੱਟੀ ਇਸ ਖੇਤਰ ਵਿੱਚ ਬਣੀ ਪਹਿਲੀ ਪਠਾਰੀ ਹਵਾਈ ਪੱਟੀ ਹੈ, ਜਿਸ ਨੂੰ ਚੀਨ ਭਾਰਤ ਦੇ ਵਿਰੁੱਧ ਫ਼ੌਜੀ ਮਕਸਦਾਂ ਲਈ ਵਰਤ ਸਕਦਾ ਹੈ ਅਤੇ ਇਹ ਹਵਾਈ ਅੱਡਾ ਅਤਿਆਧੁਨਿਕ ਤਕਨੀਕ ਨਾਲ ਲੈਸ ਹੈ। ਚੀਨ ਨੇ ਆਪਣੇ ਪੱਛਮੀ ਕੰਢੇ ਉੱਤੇ ਹਵਾਈ ਅੱਡੇ ਦੇ ਉਸਾਰੀ ਦਾ ਕੰਮ ਪਿਛਲੇ ਸਾਲ ਗਲਵਾਨ ਘਾਟੀ ਵਿੱਚ ਝੜਪ ਦੌਰਾਨ ਸ਼ੁਰੂ ਕੀਤਾ ਸੀ। ਸ਼ਿਨਜਿਆਂਗ ਸੂਬੇ ਵਿੱਚ ਚੀਨ-ਪਾਕਿਸਤਾਨ ਹੱਦ ਦੇ ਨੇੜੇ ਬਣੇ ਇਸ ਹਵਾਈ ਅੱਡੇ ਨੂੰ ਲੱਦਾਖ ਵਿੱਚ ਹੋਣ ਵਾਲੀਆਂ ਸਰਗਰਮੀਆਂ ਉੱਤੇ ਨਜ਼ਰ ਰੱਖਣ ਦੇ ਮਕਸਦ ਨਾਲ ਬੜਾ ਮਹੱਤਵ ਪੂਰਨ ਮੰਨਿਆ ਜਾਂਦਾ ਹੈ। ਇਹ ਹਵਾਈ ਅੱਡਾ ਚੀਨ ਲਈ ਰਣਨੀਤਕ ਬੇਸ ਹੈ। ਸ਼ਿਨਜਿਆਂਗ ਉਈਗਰ ਖੁਦਮੁਖਤਿਆਰ ਸੂਬਾ ਖੇਤਰ ਵਿਚ ਇਹ ਹਵਾਈ ਅੱਡਾ ਤਾਜਿਕਿਸਤਾਨ,ਅਫਗਾਨਿਸਤਾਨ ਅਤੇ ਪਾਕਿਸਤਾਨ ਦੀਆਂ ਸਰਹੱਦ ਨੇੜੇ ਹੈ। ਚੀਨ ਇਸ ਨੂੰ ਕਿਸੇ ਵੀ ਹਾਲਤ ਵਿੱਚ 2022 ਤੱਕ ਸ਼ੁਰੂ ਕਰਨਾ ਚਾਹੁੰਦਾ ਹੈ ਅਤੇ ਓਦੋਂ ਤੱਕ ਚੀਨ ਭਾਰਤ ਨੂੰ ਗੱਲਬਾਤ ਵਿੱਚ ਉਲਝਾ ਰਿਹਾ ਹੈ।

ਉਂਝ ਰਣਨੀਤੀ ਦੇ ਲਿਹਾਜ਼ ਨਾਲ ਦੱਰਾ ਕਰਕੋਰਮ ਬਹੁਤ ਮਹੱਤਵ ਪੂਰਨ ਹੈ, ਭਾਰਤ ਅਤੇ ਚੀਨ ਦੋਵਾਂ ਲਈ ਇਹ ਇਲਾਕਾ ਬਹੁਤ ਮਹੱਤਵ ਰੱਖਦਾ ਹੈ, ਕਿਉਂਕਿ ਚੀਨ ਦੇ ਬੈਲਟ ਐਂਡ ਰੋਡ ਪ੍ਰਾਜੈਕਟ ਦੀ ਸੜਕ ਜੋ ਕਾਸ਼ਗਰ ਤੋਂ ਨਿਕਲ ਕੇ ਪਾਕਿਸਤਾਨ ਦੀ ਗਵਾਦਰ ਬੰਦਰਗਾਹ ਤੱਕ ਜਾਂਦੀ ਹੈ, ਉਹ ਇਸੇ ਕਾਰਾਕੋਰਮ ਇਲਾਕੇ ਵਿੱਚੋਂ ਲੰਘਦੀ ਹੈ। ਇਸ ਤੋਂ ਸਾਫ਼ ਹੈ ਕਿ ਚੀਨ ਆਪਣੇ ਵਪਾਰਕ ਹਿੱਤਾਂ ਨੂੰ ਸਭ ਤੋਂ ਉਪਰ ਰੱਖ ਕੇ ਚੱਲਦਾ ਹੈ। ਕਾਰਾਕੋਰਮ ਦੱਰੇ ਵਾਲੇ ਪੂਰੇ ਖੇਤਰ ਵਿੱਚ ਚੀਨ ਨੇ ਘੱਟੋ-ਘੱਟ ਪੰਜ ਹਵਾਈ ਅੱਡੇ ਬਣਾਏ ਹਨ ਤੇ ਇਨ੍ਹਾਂ ਵਿੱਚ ਅਤਿਆਧੁਨਿਕ ਫ਼ੌਜੀ ਯੰਤਰ ਵੀ ਲਾਏ ਹਨ, ਹੋਤਾਨ, ਸ਼ਾਚੇ, ਕਾਸ਼ੀ (ਕਾਸ਼ਗਰ) ਤਾਕਸਕੋਰਗਨ ਅਤੇ ਯੂਤੀਅਨ ਵਾਂਗਫੰਗ ਏਅਰਬੇਸ ਇਸ ਇਲਾਕੇ ਵਿੱਚ ਬਣੇ ਸਭ ਤੋਂ ਮਹੱਤਵਪੂਰਨ ਏਅਰਬੇਸ ਹਨ। ਇਸ ਦੇ ਇਲਾਵਾ ਚੀਨ ਦਾ ਹੋਤਾਨ ਏਅਰਬੇਸ ਜੋ ਲੱਦਾਖ ਤੋਂ ਬਹੁਤ ਨੇੜੇ ਹੈ ਅਤੇ ਕਾਰਾਕੋਰਮ ਦੱਰੇ ਤੋਂ ਲੱਗਭਗ 250 ਕਿਲੋਮੀਟਰ ਦੂਰ ਹੈ, ਉਥੇ ਚੀਨ ਨੇ ਆਪਣੇ ਜੇ ਸੀਰੀਜ਼ ਸਮੇਤ ਕਈ ਅਤਿਆਧੁਨਿਕ ਲੜਾਕੂ ਜਹਾਜ਼ਾਂ ਨੂੰ ਤਾਇਨਾਤ ਕੀਤਾ ਹੈ। ਇਸਦੇ ਨਾਲ ਹੀ ਪਿਛਲੇ ਸਾਲ ਦੋਵਾਂ ਦੇਸ਼ਾਂ ਦੀਆਂ ਫ਼ੌਜਾਂ ਦਰਮਿਆਨ ਹਿੰਸਕ ਝੜਪ ਦੇ ਬਾਅਦ ਤੋਂ ਇਹ ਏਅਰਬੇਸ ਬਹੁਤ ਸਰਗਰਮ ਹੈ।

ਇਸ ਨੂੰ ਦੇਖਦੇ ਹੋਏ ਸਪੱਸ਼ਟ ਤੌਰ ਉੱਤੇ ਸਮਝਿਆ ਜਾ ਸਕਦਾ ਹੈ ਕਿ ਚੀਨ ਭਾਰਤ ਵਿਰੁੱਧ ਕਿੰਨੀ ਤੇਜ਼ੀ ਨਾਲ ਆਪਣੇ ਫ਼ੌਜੀ ਸਾਜ਼ੋ-ਸਾਮਾਨ ਨੂੰ ਵਧਾ ਰਿਹਾ ਹੈ ਅਤੇ ਭਾਰਤ ਨੂੰ ਗੱਲਾਂ ਦੇ ਦੌਰ ਵਿੱਚ ਉਲਝਾ ਕੇ ਸਟੀਕ ਸਮੇਂ ਦੀ ਉਡੀਕ ਵਿੱਚ ਹੈ, ਹਾਲਾਂਕਿ ਭਾਰਤ ਵੀ ਚੀਨ ਦੀ ਹਰ ਹਰਕਤ ਉੱਤੇ ਆਪਣੀ ਤਿੱਖੀ ਨਜ਼ਰ ਰੱਖ ਰਿਹਾ ਹੈ ਪਰ ਚੀਨ ਦੀ ਹਰ ਚਾਲ ਤੋਂ ਹੁਣ ਚੌਕਸ ਰਹਿਣ ਦੀ ਲੋੜ ਹੈ ਅਤੇ ਲੋੜ ਪੈਣ ਉੱਤੇ ਚੀਨ ਨੂੰ ਇੱਟ ਦਾ ਜਵਾਬ ਪੱਥਰ ਨਾਲ ਦੇਣਾ ਸਮੇਂ ਦੀ ਮੰਗ ਹੈ।

# ਸਾਉਣ ਦਿਆ ਬੱਦਲਾ ਵੇ..

-ਹਰਕੰਵਲ ਕੰਗ-



ਜਦੋਂ ਜੇਠ-ਹਾੜ੍ਹ ਦੀ ਗਰਮੀ ਦੀ ਲੂਅ ਸਾਰੇ ਉਤਰੀ ਭਾਰਤ ਨੂੰ ਆਪਣੀ ਲਪੇਟ ਵਿੱਚ ਲੈ ਲੈਂਦੀ ਹੈ ਤਾਂ ਲੋਕਾਈ ਨੂੰ ਸਾਉਣ ਮਹੀਨੇ ਦੀ ਬੇਸਬਰੀ ਨਾਲ ਉਡੀਕ ਹੁੰਦੀ ਹੈ। ਹੋਵੇ ਵੀ ਕਿਉਂ ਨਾ, ਇਹ ਰੁੱਤ ਮੀਂਹ ਦੀ ਜੋ ਹੋਈ। ਕੋਈ ਬੱਦਲੀ ਅਚਾਨਕ ਵਰ੍ਹਦੀ ਜਾਂ ਆਕਾਸ਼ ਵਿੱਚ ਕਿਸੇ ਪਾਸਿਓਂ ਬੱਦਲਾਂ ਦੀ ਘਟਾ ਚੜ੍ਹ ਕੇ ਆਉਂਦੀ ਹੈ ਅਤੇ ਫਿਜ਼ਾ ਵਿੱਚ ਬੱਦਲਾਂ ਦੀ ਗੜਗੜਾਹਟ ਪੈਦਾ ਹੁੰਦੀ ਹੈ ਤਾਂ ਗਰਮੀ ਦੇ ਸਤਾਏ ਲੋਕਾਂ ਵਿੱਚ ਨਵਾਂ ਜੋਸ਼ ਤੇ ਨਵੀਂ ਉਮੰਗ ਪੈਦਾ ਹੁੰਦੀ ਹੈ। ਪੰਛੀ ਚਹਿਕ ਉਠਦੇ ਹਨ। ਜਦੋਂ ਸਾਉਣ ਦਾ ਮੀਂਹ ਵਰ੍ਹਦਾ ਹੈ ਤਾਂ ਚਾਰੇ ਪਾਸੇ ਬਨਸਪਤੀ ਮਹਿਕ ਉਠਦੀ ਹੈ। ਹਰਿਆਲੀ ਪੈਦਾ ਹੋ ਜਾਂਦੀ ਹੈ। ਸੂਰਜ ਦੀ ਲੋਅ ਨਾਲ ਤੜਫ਼ਦੀ ਧਰਤੀ ਦੀ ਹਿੱਕ ਮੀਂਹ ਪੈਣ ਨਾਲ ਠਰ ਜਾਂਦੀ ਹੈ। ਰੁੱਖਾਂ ਉੱਤੇ ਨਿਖਾਰ ਆ ਜਾਂਦਾ ਹੈ। ਸੁੱਕਦੀਆਂ ਮੁਰਝਾਉਂਦੀਆਂ ਫ਼ਸਲਾਂ ਦੇਖ ਕੇ ਖੁਦ ਵੀ ਮੁਰਝਾਇਆ ਕਿਸਾਨ ਵੀ ਬੱਦਲਾਂ ਦੀ ਘਟਾ ਦੇਖ ਕੇ ਝੂਮ ਉਠਦਾ ਹੈ। ਸਾਵਣ ਮਨਾਂ ਵਿੱਚ ਚੰਚਲਤਾ ਪੈਦਾ ਕਰਦਾ ਹੈ ਤੇ ਚਾਰੇ ਪਾਸੇ ਸਾਨੂੰ ਕੁਦਰਤ ਦੇ ਕਾਦਰ ਦੀਆਂ ਸਿਫ਼ਤਾਂ ਵਿੱਚ ਪਿਆਰੇ ਗੀਤ ਸੁਣਨ ਨੂੰ ਮਿਲਦੇ ਹਨ। ਮਹਿਕਾਂ ਛੱਡਦੀ ਪੌਣ ਜਦੋਂ ਗਰਮੀ ਨਾਲ ਭਿੱਜੇ ਪਿੰਡਿਆਂ ਨਾਲ ਖਹਿੰਦੀ ਹੈ ਤਾਂ ਸੁਖਾਵਾਂ ਅਨੁਭਵ ਹੁੰਦਾ ਹੈ। ਖੇਤੀ ਪ੍ਰਧਾਨ ਖਿੱਤਾ ਹੋਣ ਕਰਕੇ ਉਤਰੀ ਭਾਰਤ ਵਿੱਚ ਮੀਂਹ ਦਾ ਮਹੱਤਵ ਹੋਰ ਖਿੱਤਿਆਂ ਨਾਲੋਂ ਕੁਝ ਵਧੇਰੇ ਹੀ ਹੈ ਅਤੇ ਦੇਸੀ ਸਾਲ ਦੇ ਪੰਜਵੇਂ ਮਹੀਨੇ ਸਾਉਣ ਦੀ ਇਸ ਕਰਕੇ ਸਾਡੇ ਸਾਹਿਤ ਵਿੱਚ ਤੂਤੀ ਬੋਲਦੀ ਹੈ।

ਸਾਉਣ ਦਾ ਮਹੀਨਾ ਚੜ੍ਹਦਿਆਂ ਸਾਰ ਹੀ ਦੇਸ਼ ਵਿੱਚ ਤਿਓਹਾਰਾਂ ਤੇ ਮੇਲਿਆਂ ਦੀ ਸ਼ੁਰੂਆਤ ਹੋ ਜਾਂਦੀ ਹੈ। ਤਿਓਹਾਰ ਭਾਰਤੀ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਹਨ, ਇਹ ਸਾਡੀ ਏਕਤਾ, ਇਕਜੁੱਟਤਾ ਤੇ ਭਾਈਚਾਰਕ ਸਾਂਝ ਦਾ ਪ੍ਰਤੀਕ ਹਨ। ਤਿਓਹਾਰਾਂ ਨਾਲ ਦੇਸ਼ ਦੀ ਆਰਥਿਕਤਾ ਜੁੜੀ ਹੋਈ ਹੈ ਤੇ ਲੋਕਾਂ ਨੂੰ ਰੁਜ਼ਗਾਰ ਦਿੰਦੇ ਹਨ। ਤਿਓਹਾਰ ਸਾਨੂੰ ਗ਼ਮਾਂ ਨੂੰ ਭੁਲਾ ਕੇ ਖੁਸ਼ੀਆਂ ਮਨਾਉਣ ਲਈ ਪ੍ਰੇਰਦੇ ਹਨ। ਸਾਡੀ ਜੀਵਨ ਸ਼ੈਲੀ ਵਿੱਚ ਨੱਚਣ ਗਾਉਣ ਦੀ ਬੇਹੱਦ ਅਹਿਮੀਅਤ ਹੈ। ਜਦੋਂ ਕੋਈ ਇਕੱਠ ਜੁੜਦਾ ਹੈ, ਉਹ ਭਾਵੇਂ ਮੇਲੇ ਦੇ ਰੂਪ ਵਿੱਚ ਹੋਵੇ ਜਾਂ ਕੋਈ ਵਿਸ਼ੇਸ਼ ਦਿਨ ਮਨਾਉਣ ਲਈ ਜਾਂ ਫਿਰ ਵਿਆਹ ਮੁਕਲਾਵੇ ਲਈ ਹੋਵੇ, ਉਹ ਨੱਚਣ ਟੱਪਣ ਗਾਉਣ ਤੋਂ ਬਿਨਾਂ ਸੰਪੂਰਨ ਨਹੀਂ ਹੁੰਦਾ, ਕਿਉਂਕਿ ਮਨੁੱਖ ਸਮੂਹਿਕ ਰੂਪ ਵਿੱਚ ਰਹਿ ਕੇ ਖੁਸ਼ ਰਹਿੰਦਾ ਹੈ। ਭਾਰਤੀ ਮਹਾਂਦੀਪ ਵਿੱਚ ਹਰ ਖਿੱਤੇ ਦੇ ਲੋਕਾਂ ਵੱਲੋਂ ਅਨੇਕ ਤਿਓਹਾਰ ਮਨਾਏ ਜਾਂਦੇ ਹਨ।

ਸਾਉਣ ਚੜ੍ਹਦੇ ਸਾਰ ਹੀ ਮਨ ਵਿੱਚ ਗੀਤ ਤੇ ਬੋਲੀਆਂ ਨਿੱਸਰਨ ਲੱਗਦੀਆਂ ਹਨ ਜਿਵੇਂ-

ਛਮ ਛਮ ਪੈਣ ਫੁਹਾਰਾਂ
ਬਿਜਲੀ ਦੇ ਰੰਗ ਨਿਆਰੇ
ਆਓ ਕੁੜੀਓ ਗਿੱਧਾ ਪਾਈਏ
ਸਾਨੂੰ ਸਾਉਣ ਸੈਨਤਾਂ ਮਾਰੇ

ਜਾਂ ਫਿਰ:

ਸ਼ੌਕ ਨਾਲ ਗਿੱਧੇ ਵਿੱਚ ਆਵਾਂ।
ਬੋਲੀ ਪਾਵਾਂ, ਸ਼ਗਨ ਮਨਾਵਾਂ
ਸਾਉਣ ਦਿਆ ਬੱਦਲਾ ਵੇ
ਮੈਂ ਤੇਰਾ ਜੱਸ ਗਾਵਾਂ।

ਇਸ ਤਰ੍ਹਾਂ ਹੀ ਇੱਕ ਬਹੁਤ ਪਿਆਰ ਲੋਕ ਗੀਤ ਹੈ-

ਸਾਵਣ ਆਇਆ
ਮਹਿੰਦੀ ਤਾਂ ਪਾ ਦੇ ਮਾਏਂ ਸੁੱਕਣੀ
ਮਾਏਂ ਮੇਰੀਏਂ
ਮਹਿੰਦੀ ਦਾ ਰੰਗ ਨੀਂ ਉਦਾਸ
ਸਾਵਣ ਆਇਆ
ਨੂੰਹਾਂ ਨੂੰ ਭੇਜੀਂ ਪੇਕੜੇ, ਮਾਏਂ ਮੇਰੀਏ ਨੀਂ
ਧੀਆਂ ਨੂੰ ਲਈ ਮੰਗਾ
ਸਾਵਣ ਆਇਆ।

ਸਾਉਣ ਮਹੀਨੇ ਜਦੋਂ ਮੀਂਹ ਵਰ੍ਹਦਾ ਹੈ ਤਾਂ ਬੱਚੇ ਝੂਮ ਝੂਮ ਕੇ ਗਾਉਂਦੇ ਹਨ, 'ਕਾਲੀਆਂ ਇੱਟਾਂ, ਕਾਲੇ ਰੋੜ, ਮੀਂਹ ਵਰਸਾ ਦੇ ਜ਼ੋਰੋ-ਜ਼ੋਰ।' ਦੂਜੇ ਪਾਸੇ ਮੋਰਾਂ ਦੀ ਘੈਮ-ਘੈਮ, ਬੀਡਿਆਂ ਦੀ ਭੀਂ-ਭੀਂ, ਚਿੜੀਆਂ ਜਨੌਰਾਂ ਦੀ ਚੀਂ-ਚੀਂ ਕੰਨਾਂ ਵਿੱਚ ਰਸ ਘੋਲਦੀਆਂ ਆਵਾਜ਼ਾਂ ਸਾਨੂੰ ਰੁੱਤ ਬਦਲੀ ਦਾ ਸੰਕੇਤ ਦਿੰਦੀਆਂ ਹਨ। ਜਦੋਂ ਫਿਰ ਲੰਬਾ ਸਮਾਂ ਮੀਂਹ ਵਰ੍ਹਦਾ ਹੈ ਤਾਂ ਪੰਜਾਬੀ ਵਿੱਚ ਇਸ ਨੂੰ ਝੜੀ ਲੱਗਣਾ ਕਹਿੰਦੇ ਹਨ ਤੇ ਜਦੋਂ ਕਦੇ ਝੜੀ ਲੱਗੇ ਤਾਂ ਘਰਾਂ ਵਿੱਚ ਵਿਸ਼ੇਸ਼ ਪਕਵਾਨ ਪੱਕਦੇ ਹਨ, ਚਾਹੇ ਉਹ ਮਾਲ੍ਹ-ਪੂੜੇ ਹੋਣ ਜਾਂ ਕਚੌਰੀਆਂ-ਗੁਲਗੁਲੇ। ਕਦੇ ਕਦੇ ਪਤੌੜ ਬਣਦੇ ਹਨ, ਖੀਰ-ਕੜਾਹ ਇਸ ਰੁੱਤ ਦਾ ਵਿਸ਼ੇਸ਼ ਪਕਵਾਨ ਹੈ। ਪਿੰਡਾਂ ਵਿੱਚ ਜਾਮਣਾਂ, ਅੰਬ, ਖਜੂਰਾਂ, ਅਮਰੂਦ ਸਾਉਣ ਦੇ ਫ਼ਲ ਹਨ।

ਸਾਉਣ ਮਹੀਨੇ ਦਾ ਗੁਰਬਾਣੀ ਦੇ ਬਾਰਾਮਾਹ ਵਿੱਚ ਵੀ ਵਿਸ਼ੇਸ਼ ਜ਼ਿਕਰ ਹੈ। ਪੰਜਾਬੀ ਵਿੱਚ ਬਾਰਾਂ ਦੇਸੀ ਮਹੀਨਿਆਂ ਵਿੱਚੋਂ ਸਭ ਤੋਂ ਵੱਧ ਪ੍ਰਸਿੱਧੀ ਸਾਉਣ ਮਹੀਨੇ ਨੂੰ ਮਿਲੀ ਹੈ। ਜਦੋਂ ਕਦੇ ਪਲਾਂ ਵਿੱਚ ਕੋਈ ਚਿੱਟੀ ਬੱਦਲੀ, ਜਿਸ ਨੂੰ ਧੁੱਪ ਦੇ ਬੱਦਲ ਵੀ ਕਹਿ ਲਿਆ ਜਾਂਦਾ ਹੈ, ਭੂਰੀ ਹੋ ਕੇ ਅਚਾਨਕ ਵਰ੍ਹਦੀ ਹੈ ਤਾਂ ਫਿਰ ਮਨ ਕਹਿ ਉਠਦਾ ਹੈ-

ਤਿੱਤਰ ਖੰਭੀ ਬੱਦਲੀ ਵਰ੍ਹ ਗਈ
ਪੈ ਗਿਆ ਮੀਂਹ ਦੜਾਕੇ ਦਾ

ਜਦੋਂ ਪਿੰਡਾਂ ਤੇ ਨਗਰਾਂ ਵਿੱਚ ਚਾਰੇ ਪਾਸੇ ਪਾਣੀ ਖੜ੍ਹ ਜਾਂਦਾ ਹੈ ਤਾਂ ਬੱਚੇ ਕਾਗਜ਼ ਦੀਆਂ ਕਿਸ਼ਤੀਆਂ ਬਣਾ ਕੇ ਪਾਣੀ ਵਿੱਚ ਛੱਡਦੇ ਹਨ। ਇਸ ਤਰ੍ਹਾਂ ਖੁਸ਼ੀ ਦੇ ਨਾਲ ਕਲਾਤਮਕ ਰੁਚੀਆਂ ਵੀ ਪੈਦਾ ਹੁੰਦੀਆਂ ਹਨ। ਦੂਜੇ ਪਾਸੇ ਪੁਰ-ਾਤਨ ਸੰਸਕਾਰਾਂ ਤਹਿਤ ਲੋਕ ਖਵਾਜ਼ੇ ਦੀ ਪੂਜਾ ਕਰਦੇ ਹਨ ਅਤੇ ਹੜ੍ਹਾਂ ਤੋਂ ਬਚਣ ਲਈ ਕਈ ਤਰ੍ਹਾਂ ਦੇ ਓਹੜ-ਪੋਹੜ ਕਰਦੇ ਹਨ।

ਹਰ ਰੁੱਤ ਤੇ ਮਹੀਨੇ ਦੀ ਵੱਖਰੀ ਪਛਾਣ ਹੈ। ਸਾਉਣ ਦਾ ਮਹੀਨਾ ਤੀਆਂ ਦੇ ਤਿਓਹਾਰ ਲਈ ਜਾਣਿਆ ਜਾਂਦਾ ਹੈ। ਤੀਆਂ ਦਾ ਤਿਓਹਾਰ ਇਸ ਮਹੀਨੇ ਦੀ ਰੂਹ ਹੈ। ਅੱਜਕੱਲ੍ਹ ਤੀਆਂ ਦੇ ਤਿਓਹਾਰ ਦਾ ਸਰੂਪ ਬਦਲ ਗਿਆ ਹੈ, ਪਰ ਪੰਜਾਬਣਾਂ ਦੇ ਮਨਾਂ ਵਿੱਚ ਤੀਆਂ ਲਈ ਜੋਸ਼ ਕਾਇਮ ਹੈ। ਇਹ ਤਿਓਹਾਰ ਸਾਉਣ ਮਹੀਨੇ ਦੇ ਚਾਨਣ ਪੱਖ ਦੀ ਤੀਜ ਨੂੰ ਸ਼ੁਰੂ ਹੁੰਦਾ ਅਤੇ ਪੁੰਨਿਆ ਨੂੰ ਸਿਰੇ ਚੜ੍ਹਦਾ ਹੈ। ਤੀਆਂ ਤੋਂ ਪਹਿਲਾਂ ਦੂਜ ਦੀ ਰਾਤ 'ਮਹਿੰਦੀ ਵਾਲੀ ਰਾਤ' ਹੁੰਦੀ ਹੈ। ਮੁਟਿਆਰਾਂ ਆਪਣੇ ਹੱਥਾਂ ਉੱਤੇ ਮਹਿੰਦੀ ਲਵਾਉਂਦੀਆਂ ਹਨ। ਵਣਜਾਰਿਆਂ ਤੋਂ ਰੰਗ-ਬਿਰੰਗੀਆਂ ਚੂੜੀਆਂ ਚੜ੍ਹਾਉਂਦੀਆਂ ਹਨ। ਕੁੜੀਆਂ ਵਹੁਟੀਆਂ ਤੀਲੇ ਨਾਲ ਆਪਣੇ ਹੱਥਾਂ ਉੱਤੇ ਮਹਿੰਦੀ ਦੇ ਖੂਬਸੂਰਤ ਫੁੱਲ-ਬੂਟੇ ਬਣਾ ਲੈਂਦੀਆਂ ਸਨ। ਦੂਜੀ ਸਵੇਰੇ, ਆਪਣੀਆਂ ਤਲੀਆਂ ਉੱਤੇ ਖਿੜੇ ਮਹਿੰਦੀ ਦੇ ਰੱਤੇ ਫੁੱਲਾਂ ਨੂੰ ਤੱਕ ਫੁੱਲੀਆਂ ਨਹੀਂ ਸਮਾਉਂਦੀਆਂ।

ਕਈ ਵਾਰ ਮਾਪੇ ਇਸ ਮਹੀਨੇ ਧੀਆਂ ਨੂੰ ਨਹੀਂ ਲਿਆ ਸਕਦੇ ਜਾਂ ਮੁਸ਼ਕਿਲ ਹੋਵੇ ਤਾਂ ਉਹ ਧੀ ਡਾਰ ਤੋਂ ਵਿੱਛੜੀ ਕੂੰਜ ਵਾਂਗ ਕੁਰਲਾ ਉਠਦੀ। ਉਹ ਬਾਗਾਂ ਵਿੱਚ ਗਾਉਂਦੀ ਕੋਇਲ ਵਾਂਗ ਆਪਣੇ ਗੀਤਾਂ ਰਾਹੀਂ ਬਾਬਲ ਦੇ ਵਿਹੜੇ ਵੱਲ ਕਾਵਾਂ ਹੱਥ ਸੁਨੇਹੇ ਘੱਲਦੀ। ਜਿਨ੍ਹਾਂ ਭੈਣਾਂ ਘਰ ਵੀਰ ਨਹੀਂ ਹੁੰਦੇ, ਉਨ੍ਹਾਂ ਦੇ ਕਾਲਜੇ ਨੂੰ ਵੀ ਇਸ ਮਹੀਨੇ ਖੋਹ ਪੈਂਦੀ ਹੈ। ਉਹ ਰੱਬ ਤੋਂ ਮੰਗ ਕਰਦੀਆਂ ਨੇ-

ਇੱਕ ਵੀਰ ਦੇਈਂ ਵੇ ਰੱਬਾ
ਸਹੁੰ ਖਾਣ ਨੂੰ ਬੜਾ ਚਿੱਤ ਕਰਦਾ

ਪੰਜਾਬ ਦੇ ਪਿੰਡਾਂ ਵਿੱਚ ਦੁਪਹਿਰ ਸਮੇਂ ਬੋਹੜਾਂ ਤੇ ਪਿੱਪਲਾਂ ਦੀਆਂ ਛਾਵਾਂ ਵਿੱਚ ਤੀਆਂ ਦੇ ਪਿੜ ਬੱਝਦੇ ਸਨ। ਇੱਥੋਂ ਉਹ ਆਪਣੇ ਮਨੋਭਾਵਾਂ ਦਾ ਪ੍ਰਗਟਵਾ ਬੋਲੀਆਂ ਪਾ ਕੇ ਕਰਦੀਆਂ-

* ਆਉਂਦੀ ਕੁੜੀਏ, ਜਾਂਦੀ ਕੁੜੀਏ,
ਤੁਰਦੀ ਪਿੱਛੇ ਨੂੰ ਜਾਵੇਂ,
ਨੀਂ ਕਾਹਲੀ ਕਾਹਲੀ ਪੈਰ ਪੱਟ ਲੈ,
ਤੀਆਂ ਲੱਗੀਆਂ ਪਿੱਪਲ ਦੀ ਛਾਵੇਂ।

* ਸਾਉਣ ਮਹੀਨਾ ਦਿਨ ਗਿੱਧੇ ਦੇ
ਕੁੜੀਆਂ ਰਲ ਕੇ ਆਈਆਂ
ਨੱਚਣ-ਕੁੱਦਣ ਝੂਟਣ ਪੀਂਘਾਂ
ਵੱਡਿਆਂ ਘਰਾਂ ਦੀਆਂ ਜਾਈਆਂ

* ਆਹ ਲੈ ਮਿੱਤਰਾਂ ਕਰ ਲੈ ਖਰੀਆਂ
ਬਾਂਕਾਂ ਮੇਚ ਨਾ ਆਈਆਂ
ਗਿੱਧਾ ਪਾ ਰਹੀਆਂ-
ਨਣਦਾਂ ਤੇ ਭਰਜਾਈਆਂ

* ਭਿੱਜ ਗਈ ਰੂਹ ਮਿੱਤਰਾ
ਸ਼ਾਮ ਘਟਾਂ ਚੜ੍ਹ ਆਈਆਂ

ਪਿੱਪਲ ਕੁੜੀਆਂ ਦੇ ਅਰਮਾਨਾਂ ਦੇ ਗਵਾਹ ਬਣਦੇ ਸਨ। ਪਿੱਪਲਾਂ, ਟਾਹਲੀਆਂ ਅਤੇ ਬਰੋਟਿਆਂ ਦੇ ਟਾਹਣਾਂ ਦੇ ਨਾਲ ਪਾਈਆਂ ਪੀਂਘਾਂ ਉੱਤੇ ਹੁਲਾਰੇ ਲੈਂਦੀਆਂ ਉਹ ਆਪਣੇ ਸੁਪਨਿਆਂ ਦੇ ਨਾਲ ਅੰਬਰੀ ਉਡਾਣਾਂ ਭਰਦੀਆਂ। ਇਨ੍ਹਾਂ ਪੀਂਘਾਂ ਲਈ ਵਿਸ਼ੇਸ਼ ਲੱਜ (ਰੱਸੇ) ਨੂੰ ਗੱਠ ਦੇਣੀ ਅਤੇ ਫੱਟੀ ਪਾਉਣ ਵਿੱਚ ਵੀ ਮੁਹਾਰਤ ਦੀ ਗੱਲ ਹੈ। ਭਾਵੇਂ ਸ਼ਹਿਰੀਕਰਨ ਦੇ ਪ੍ਰਭਾਵ ਵਿੱਚ ਕੁੜੀਆਂ ਨੂੰ ਅੰਬਰੀਂ ਪੀਂਘ ਚੜ੍ਹਾਉਣੀ ਸ਼ਾਇਦ ਭੁੱਲ ਗਈ ਹੋਵੇ, ਪਰ ਪੀਂਘ ਦੇ ਝੂਟੇ ਦੀ ਤਾਂਘ ਕਾਇਮ ਹੈ। ਸ਼ਹਿਰਾਂ ਵਿੱਚ ਤੀਆਂ ਦਾ ਤਿਓਹਾਰ ਵੀ ਮੇਲੇ ਦਾ ਰੂਪ ਬਣ ਗਿਆ ਹੈ। ਪੰਜਾਬ ਵਿੱਚ ਮਾਪੇ ਨਵੀਆਂ ਵਿਆਹੀਆਂ ਧੀਆਂ ਨੂੰ ਸਾਉਣ ਚੜ੍ਹਨ ਤੋਂ ਪਹਿਲਾਂ ਪੇਕੇ ਲੈ ਆਉਂਦੇ ਹਨ। ਤੀਆਂ ਵਿੱਚ ਜਾਣ ਤੋਂ ਪਹਿਲਾਂ ਉਹ ਹੱਥੀਂ ਮਹਿੰਦੀ ਲਾ ਕੇ ਵਾਲ ਗੁੰਦ ਕੇ ਅਤੇ ਚੂੜੀਆਂ ਚੜ੍ਹਾ ਕੇ ਬਣ ਠਣ ਜਾਂਦੀਆਂ ਹਨ। ਤੀਆਂ ਵਿੱਚ ਮੁਟਿਆਰਾਂ ਵੱਖ-ਵੱਖ ਤਰ੍ਹਾਂ ਦੇ ਸਾਂਗ ਰਚਾਉਂਦੀਆਂ ਹਨ ਜਿਵੇਂ-

ਮੋੜੀਂ ਮੋੜੀਂ ਵੇ ਗੁਲਜ਼ਾਰੀ ਭੇਡਾਂ ਦੂਰ ਗਈਆਂ।

ਕੁੜੀਆਂ ਦੀ ਅੱਡੀ ਨਾਲ ਗਿੱਧੇ ਦੀ ਥਾਪ ਨਾਲ ਜਦੋਂ ਪਿੜ ਬੱਝ ਜਾਂਦਾ ਹੈ ਤਾਂ ਫਿਰ ਇਹ ਨਣਦਾਂ-ਭਰਜਾਈਆਂ, ਭੂਆ-ਭਤੀਜੀਆਂ, ਚਾਚੀਆਂ-ਤਾਈਆਂ ਵੱਲੋਂ ਪਾਏ ਗਿੱਧੇ ਨਾਲ ਸਿਖਰਾਂ ਨੂੰ ਛੂੰਹਦਾ ਦਿਨ ਦਾ ਤੀਜਾ ਪਹਿਰ ਖ਼ਤਮ ਹੋਣ ਨਾਲ ਅਗਲੇ ਦਿਨ ਆਉਣ ਦਾ ਸੱਦਾ ਦਿੰਦਾ ਖ਼ਤਮ ਹੁੰਦਾ ਹੈ। ਤੀਆਂ ਇੱਕ ਤਰ੍ਹਾਂ ਔਰਤਾਂ ਦੇ ਖੁੱਲ੍ਹ ਕੇ ਆਪਣੇ ਮਨੋਭਾਵਾਂ ਦਾ ਪ੍ਰਗਟਾਵਾ ਕਰਨ ਦਾ ਮੰਚ ਰਿਹਾ ਹੈ, ਕਿਉਂਕਿ ਪੁਰਾਤਨ ਜ਼ਮਾਨੇ ਵਿੱਚ ਅੱਜ ਜਿੰਨੀ ਖੁੱਲ੍ਹ ਤੇ ਆਜ਼ਾਦੀ ਨਹੀਂ ਸੀ। ਇਸ ਕਰ ਕੇ ਆਪਣੇ ਮਨੋਭਾਵਾਂ ਦਾ ਪ੍ਰਗਟਾਵਾ ਕਰਨ ਲਈ ਤੀਆਂ ਹੀ ਮੌਕਾ ਦਿੰਦੀਆਂ ਸਨ। ਦੂਜਾ ਪਹਿਲੂ ਇਹ ਕਿ ਇੱਥੇ ਸਿਰਫ਼ ਔਰਤਾਂ ਹੁੰਦੀਆਂ ਤੇ ਉਨ੍ਹਾਂ ਨੂੰ ਮਰਦਾਂ ਦੀ ਗੈਰਹਾਜ਼ਰੀ ਦਾ ਲਾਹਾ ਮਿਲਦਾ। ਤੀਆਂ ਦਾ ਗਿੱਧਾ ਦੇਖਣਾ ਮਰਦਾਂ ਲਈ ਮਨਾਹੀ ਹੁੰਦੀ ਸੀ। ਕੁੜੀਆਂ ਨੂੰ ਸਾਉਣ ਮਹੀਨਾ ਆਪਣਾ ਭਰਾ ਜਾਪਦਾ ਤੇ ਭਾਦੋਂ ਨੂੰ ਚੰਦਰੀ ਮੰਨਦੀਆਂ, ਕਿਉਂਕਿ ਉਨ੍ਹਾਂ ਨੂੰ ਭਾਦੋਂ ਚੜ੍ਹਦਿਆਂ ਸਾਰ ਫਿਰ ਵਿੱਛੜਨਾ ਪੈਂਦਾ ਹੈ। ਪੁੰਨਿਆਂ ਵਾਲੇ ਦਿਨ ਵੱਲੋ (ਬੱਲੋ) ਪਾਈ ਜਾਂਦੀ ਹੈ। ਕੁੜੀਆਂ ਘਰ ਨੂੰ ਵਾਪਸ ਜਾਂਦੀਆਂ ਵਾਰ ਵਾਰ ਰੁਕ ਰੁਕ ਕੇ ਗਿੱਧਾ ਪਾਉਂਦੀਆਂ ਤੇ ਨਾਲੇ ਗੀਤ ਗਾਉਂਦੀਆਂ ਘਰਾਂ ਨੂੰ ਜਾਂਦੀਆਂ ਜਾਂਦੀਆਂ ਦੁੱਬ (ਹਰਾ ਘਾਹ) ਪੁੱਟ ਕੇ ਲੈ ਜਾਂਦੀਆਂ ਹਨ ਤਾਂ ਜੋ ਵੀਰ ਦਾ ਘਰ ਸਾਉਣ ਦੇ ਮਹੀਨੇ ਦੇ ਘਾਹ ਵਾਂਗੂ ਹਰਿਆ-ਭਰਿਆ ਰਹੇ। ਗਿੱਧੇ ਦਾ ਅੰਤ ਕਰਦੀਆਂ ਹੋਈਆਂ ਉਹ ਗਾਉਂਦੀਆਂ-

ਸਾਉਣ ਵੀਰ 'ਕੱਠੀਆਂ ਕਰੇ
ਭਾਦੋਂ ਚੰਦਰੀ ਵਿਛੋੜੇ ਪਾਵੇ।

ਇਸ ਤਰ੍ਹਾਂ ਪੇਕੇ ਆਈਆਂ ਧੀਆਂ ਮਾਪਿਆਂ ਦੀ ਸੁੱਖ ਮੰਗਦੀਆਂ ਫਿਰ ਆਪਣੇ ਘਰਾਂ ਨੂੰ ਰਵਾਨਾ ਹੋ ਜਾਂਦੀਆਂ। ਤੀਆਂ ਦਾ ਚਾਅ ਨਵੇਂ ਯੁੱਗ ਦੇ ਮਨੋਰੰਜਨ ਦੇ ਸਾਧਨਾਂ ਨੇ ਬਹੁਤ ਘਟਾ ਦਿੱਤਾ ਹੈ। ਪਦਾਰਥਵਾਦੀ ਯੁੱਗ ਵਿੱਚ ਜਾਇਦਾਦਾਂ ਦੀ ਵੰਡ ਨੇ ਭੈਣ-ਭਰਾ ਦੇ ਪਿਆਰ ਵਿੱਚ ਵੀ ਫ਼ਰਕ ਪਾ ਦਿੱਤਾ ਹੈ। ਅੱਜਕੱਲ੍ਹ ਨਾ ਵੀਰ ਕੋਲ ਬੋਤਾ ਹੈ ਤੇ ਨਾ ਹੀ ਭੈਣ ਨੂੰ ਉਡੀਕ ਹੈ। ਤੀਆਂ ਕਲੱਬਾਂ, ਸਟੇਜਾਂ ਤੇ ਪਾਰਕਾਂ ਦਾ ਸ਼ਿੰਗਾਰ ਬਣ ਗਈਆਂ ਹਨ। ਸਾਰੇ ਸਾਧਨ ਸਪੰਨ ਸਮਾਜ ਵਿੱਚ ਭਾਵੇਂ ਖ਼ੁਦਗਰਜ਼ੀ ਭਾਰੂ ਹੈ, ਪਰ ਸਾਡੇ ਤਿਓਹਾਰ ਸਾਡੇ ਮਨਾਂ ਅਤੇ ਰਿਸ਼ਤਿਆਂ ਨੂੰ ਠੰਢਕ ਵਰਤਾਉਂਦੇ ਹਨ।

# ਉਨ੍ਹਾਂ ਕਾਲੇ-ਕਾਲੇ ਰਾਹਾਂ ਦੇ ਉਹ ਮਿੱਠੇ ਮੇਵੇ

-ਬਹਾਦਰ ਸਿੰਘ ਗੋਸਲ

ਕਰੀਬ ਚਾਲੀ-ਪੰਜਾਹ ਸਾਲ ਪਹਿਲਾਂ ਜਦੋਂ ਕੋਈ ਪੰਜਾਬ ਵਿੱਚੋਂ (ਖਰੜ ਵਾਲੇ ਪਾਸਿਓਂ) ਚੰਡੀਗੜ੍ਹ ਆਉਂਦਾ ਸੀ ਤਾਂ ਨਦੀ ਦਾ ਪੁਲ ਪਾਰ ਕਰਦਿਆਂ ਸਾਰ ਪੁਰਾਣੀ ਖਰੜ-ਕਾਲਕਾ ਸੜਕ ਉੱਤੇ ਲੱਗੇ ਜਾਮਣਾਂ ਦੇ ਵੱਡੇ-ਵੱਡੇ ਰੁੱਖ ਨੂੰ ਦੇਖ ਕੇ ਹੈਰਾਨ ਰਹਿ ਜਾਂਦਾ। ਖਾਸਕਰ ਮੁਹਾਲੀ ਪਿੰਡ ਦੇ ਪਾਸ ਸੜਕ ਉਤੇ ਇਹ ਰੁੱਖ ਦੇਖਣ ਯੋਗ ਹੁੰਦੇ ਸਨ। ਜਦੋਂ ਜੂਨ-ਜੁਲਾਈ ਦੇ ਮਹੀਨੇ ਕੋਈ ਇਸ ਸੜਕ ਉੱਤੇ ਆਉਂਦਾ ਤਾਂ ਉਹ ਚੰਡੀਗੜ੍ਹ ਦੇ ਬਜਵਾੜਾ ਚੌਕ ਤੱਕ ਜਾਮਣਾਂ ਦੇ ਰੁੱਖਾਂ ਉੱਤੇ ਲੱਗੀਆਂ ਮਣਾਂ-ਮੂੰਹੀਂ ਜਾਮਣਾਂ ਦੇਖ ਕੁਦਰਤ ਦੀ ਇਸ ਦੇਣ ਪ੍ਰਤੀ ਖੂਬ ਅਚੰਭੇ ਵਿੱਚ ਪੈ ਜਾਂਦਾ।

ਇਸ ਸੜਕ ਉੱਤੇ ਦੋਵੇਂ ਪਾਸੇ ਲੱਗੇ ਜਾਮਣਾਂ ਦੇ ਵੱਡੇ-ਵੱਡੇ ਰੁੱਖ, ਕਾਲੀਆਂ, ਮੋਟੀਆਂ ਤੇ ਰਸ ਭਰੀਆਂ ਜਾਮਣਾਂ ਸਭ ਦੇ ਮਨ ਨੂੰ ਲਲਚਾ ਦੇਂਦੀਆਂ। ਲੋਕ ਅਤੇ ਇਲਾਕੇ ਦੇ ਬੱਚੇ ਹੇਠ ਡਿੱਗਦੀਆਂ ਖੱਟੀਆਂ-ਮਿੱਠੀਆਂ ਜਾਮਣਾਂ ਦਾ ਆਨੰਦ ਲੈਂਦੇ। ਬੱਚੇ ਖੇਡਦੇ-ਖੇਡਦੇ ਜਾਮਣਾਂ ਨਾਲ ਪੱਲੇ ਭਰ ਲੈਂਦੇ, ਜਿਵੇਂ ਜਾਮਣਾਂ ਦਾ ਭੰਡਾਰਾ ਲੱਗ ਜਾਂਦਾ। ਸੜਕਾਂ ਦੇ ਨਾਲ ਲੱਗਦੇ ਪਿੰਡਾਂ ਵਿੱਚ ਹਰ ਘਰ ਵਿੱਚ ਜਾਮਣਾਂ ਪਈਆਂ ਮਿਲਦੀਆਂ, ਕਿਉਂਕਿ ਸੜਕ ਬਹੁਤ ਚਲਦੀ ਸੀ ਤੇ ਲੋਕਾਂ ਦਾ ਚੰਡੀਗੜ੍ਹ ਆਉਣਾ-ਜਾਣਾ ਬਣਿਆ ਰਹਿੰਦਾ। ਖਾਸ ਕਰ ਕੇ ਢਾਹੇ ਦੇ ਇਲਾਕੇ (ਮੋਰਿੰਡਾ ਤੋਂ ਪਾਰ ਲੁਧਿਆਣਾ ਤੇ ਫਤਿਹਗੜ੍ਹ ਸਾਹਿਬ ਜ਼ਿਲਿਆਂ ਦਾ ਇਲਾਕਾ) ਤੋਂ ਆਏ ਲੋਕ ਇਨ੍ਹਾਂ ਜਾਮਣਾਂ ਦਾ ਖੂਬ ਆਨੰਦ ਲੈਂਦੇ ਅਤੇ ਵਾਪਸੀ ਉੱਤੇ ਜਾਮਣਾਂ ਖਰੀਦ ਕੇ ਵੀ ਲੈ ਜਾਂਦੇ।

ਜਾਮਣਾਂ ਦੇ ਮੌਸਮ ਵਿੱਚ ਜਾਮਣਾਂ ਵੇਚਣ ਵਾਲਿਆਂ ਦਾ ਧੰਦਾ ਵੀ ਖੂਬ ਚਲਦਾ। ਸੜਕ ਦੇ ਦੋਹੀਂ ਪਾਸੀਂ ਕਾਲੀਆਂ-ਕਾਲੀਆਂ ਜਾਮਣਾਂ ਦੇ ਢੇਰ ਲਾ ਕੇ ਅਨੇਕਾਂ ਆਦਮੀ-ਔਰਤਾਂ ਤੇ ਉਨ੍ਹਾਂ ਦੇ ਬੱਚੇ ਜਾਮਣਾਂ ਵੇਚਦੇ। ਉਹ ਉਚੀ-ਉਚੀ ਆਵਾਜ਼ਾਂ ਵਿੱਚ ਜਾਮਣਾਂ ਵੇਚਣ ਦਾ ਹੋਕਾ ਦੇਂਦੇ ਹੋਏ ਜਾਮਣਾਂ ਵਰਗੀਆਂ ਰਸ ਭਰੀਆਂ ਆਵਾਜ਼ਾਂ ਕੱਢਦੇ ਹੋਏ ਕਹਿੰਦੇ, "ਚਲਿਆ ਆ ਕਾਲੇ ਈ ਕਾਲੇ ਰਾਹ, ਚਲਿਆ ਕਾਲੇ ਕਾਲੇ ਰਾਹ।" ਰਸ ਭਰੀਆਂ ਮਿੱਠੀਆਂ ਜਾਮਣਾਂ ਵੇਚਦਿਆਂ ਉਨ੍ਹਾਂ ਦੀਆਂ ਆਵਾਜ਼ਾਂ ਵੀ ਰਸ ਭਰੀਆਂ ਹੋ ਜਾਂਦੀਆਂ। ਦੂਰ-ਦੂਰ ਤੱਕ ਜਾਮਣਾਂ ਦੇ ਢੇਰ ਅਤੇ ਸੜਕ ਦੇ ਕਿਨਾਰੇ ਆਪਣੀਆਂ ਟੋਕਰੀਆਂ ਭਰੀ ਬੈਠੇ ਅਨੇਕਾਂ ਪਰਵਾਰਾਂ ਨੂੰ ਦੇਖ ਰਸਤੇ ਵੀ ਕਾਲੇ ਕਾਲੇ ਲੱਗਦੇ। ਸੜਕਾਂ ਉੱਤੇ ਡਿੱਗੀਆਂ ਅਤੇ ਟੁੱਟ ਚੁੱਕੀਆਂ ਜਾਮਣਾਂ ਨੂੰ ਤਾਂ ਕੋਈ ਚੁਕਦਾ ਨਹੀਂ ਸੀ। ਇਸ ਤਰ੍ਹਾਂ ਸੜਕਾਂ ਵੀ ਕਾਲੀਆਂ, ਹੋਰ ਕਾਲੀਆਂ ਨਜ਼ਰ ਆਉਂਦੀਆਂ। ਸਮੇਂ ਤੇ ਵਾਤਾਵਰਣ ਦੇ ਅਨੁਸਾਰ ਉਨ੍ਹਾਂ ਦਾ ਕਾਲੇ-ਕਾਲੇ ਰਾਹ ਵਾਲਾ ਹੋਕਾ ਬਿਲਕੁਲ ਉਨ੍ਹਾਂ ਦੀ ਰੋਜ਼ੀ ਨਾਲ ਢੁਕਦਾ ਸੀ ਅਤੇ ਇਸ ਤਰ੍ਹਾਂ ਗਾਹਕ ਆਪਣੇ ਆਪ ਹੀ ਉਨ੍ਹਾਂ ਵੱਲ ਖਿੱਚੇ ਚਲੇ ਜਾਂਦੇ।

ਉਨ੍ਹਾਂ ਦਿਨਾਂ ਵਿੱਚ ਜਾਮਣਾਂ ਭਾਵੇਂ ਬਹੁਤ ਜ਼ਿਆਦਾ ਸਨ, ਪਰ ਸਸਤੀਆਂ ਹੋਣ ਕਰ ਕੇ ਗਾਹਕ ਵੀ ਚੋਖਾ ਪੈਂਦਾ। ਦੋ-ਤਿੰਨ ਰੁਪਏ ਵਿੱਚ ਕਿਲੋ ਜਾਮਣਾਂ ਆਮ ਮਿਲ ਜਾਂਦੀਆਂ, ਪਰ ਇਸ ਤਰ੍ਹਾਂ ਵੇਚਣ ਵਾਲੇ ਆਪਣੀ ਚੰਗੀ ਦਿਹਾੜੀ ਬਣਾ ਲੈਂਦੇ। ਕਈ ਵਾਰ ਦੇਖ ਕੇ ਮਨ ਹੈਰਾਨ ਹੁੰਦਾ ਸੀ ਕਿ ਇਹ ਵੱਡੇ-ਵੱਡੇ ਜਾਮਣਾਂ ਦੇ ਰੁੱਖ, ਮਨੁੱਖ ਨੇ ਹੀ ਲਾਏ ਸਨ ਅਤੇ ਸਾਡੇ ਉਹ ਬਜ਼ੁਰਗ ਕਿੰਨੇ ਭਲੇ ਸਨ ਜਿਨ੍ਹਾਂ ਨੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਦਾ ਧਿਆਨ ਰੱਖ ਕੇ ਇੰਨੇ ਵਧੀਆ ਰੁੱਖ ਲਾਏ ਅਤੇ ਮੇਵੇ ਪ੍ਰਦਾਨ ਕੀਤੇ। ਇਸ ਸੋਚ ਵਾਲੇ ਲੋਕਾਂ ਪ੍ਰਤੀ ਸ਼ਰਧਾ ਵਜੋਂ ਸਿਰ ਆਪਣੇ ਆਪ ਝੁਕ ਜਾਂਦਾ। ਬਹੁਤ ਸਿਆਣੇ ਲੋਕ ਉਨ੍ਹਾਂ ਦੀ ਇਸ ਮਿਹਨਤ ਤੋਂ ਸਬਕ ਲੈ ਕੇ ਆਪ ਵੀ ਰੁੱਖ ਜਾਂ ਆਪਣੇ ਵਿਹੜੇ ਜਾਮਣ ਦਾ ਰੁੱਖ ਲਗਾਉਣ ਦਾ ਯਤਨ ਕਰਦੇ। ਸ਼ਾਇਦ ਇਹੀ ਕਾਰਨ ਹੈ ਕਿ ਅੱਜ ਚੰਡੀਗੜ੍ਹ ਦੇ ਸੈਕਟਰਾਂ ਵਿੱਚ ਕਈ ਘਰਾਂ ਵਿੱਚ ਜਾਮਣ ਦੇ ਰੁੱਖ ਦੇਖੇ ਜਾਂਦੇ ਹਨ।

ਅੱਜ ਵੀ ਜਾਮਣਾਂ ਦੇ ਮੌਸਮ ਵਿੱਚ ਕਿਤੇ-ਕਿਤੇ ਜਾਮਣਾਂ ਵੇਚਣ ਵਾਲੇ ਦੇਖੇ ਜਾਂਦੇ ਹਨ, ਪਰ ਪਤਾ ਨਹੀਂ ਉਹ ਕਿੱਥੋਂ ਦੂਰ-ਦੂਰ ਤੋਂ ਤੋੜ ਕੇ ਜਾਮਣਾਂ ਲਿਆਉਂਦੇ ਹੋਣਗੇ। ਇਸ ਫਲ ਨੂੰ ਤੋੜਨਾ ਤੇ ਸੰਭਾਲਣਾ ਕਾਫੀ ਮਿਹਨਤ ਤੇ ਸਮਝਦਾਰੀ ਦਾ ਕੰਮ ਹੈ। ਇਹ ਕਾਰਨ ਹੈ ਕਿ ਸਾਨੂੰ ਅੱਜ ਜਾਮਣਾਂ ਖਰੀਦਣ ਲਈ ਇੱਕ ਕਿਲੋ ਦੇ ਸੌ-ਸਵਾ ਸੌ ਰੁਪਏ ਦੇਣੇ ਪੈਂਦੇ ਹਨ। ਕਈ ਵਾਰ ਭਾਅ ਸੁਣ ਕੇ ਮਨ ਖਰੀਦਣ ਤੋਂ ਚੁੱਪ ਹੋ ਜਾਂਦਾ ਹੈ। ਫਿਰ ਯਾਦ ਕਰਦਾ ਹੈ ਉਨ੍ਹਾਂ ਕਾਲੇ-ਕਾਲੇ ਰਾਹਾਂ ਵਾਲੇ ਕਾਲੀਆਂ-ਕਾਲੀਆਂ ਜਾਮਣਾਂ ਦੇ ਲੱਗੇ ਢੇਰਾਂ ਨੂੰ। ਅੱਜ ਕੋਈ ਜਾਮਣਾਂ ਵੇਚਣ ਵਾਲਾ ਉਹ, 'ਕਾਲੇ ਈ ਕਾਲੇ ਰਾਹ' ਵਾਲੀ ਮਿੱਠੀ ਸੁਰ ਵੀ ਨਹੀਂ ਕੱਢਦਾ, ਕਿਉਂਕਿ ਜਾਮਣਾਂ ਦਾ ਮੁੱਲ ਸੁਣ ਕੇ ਉਨ੍ਹਾਂ ਪਾਸ ਕੋਈ-ਕੋਈ ਗਾਹਕ ਹੀ ਰੁਕਦਾ ਹੈ। ਸੜਕ ਉੱਤੇ ਲੱਗੇ ਮੁਹਾਲੀ ਪਿੰਡ ਵਾਲੇ ਉਹ ਸਾਰੇ ਵੱਡੇ-ਵੱਡੇ ਰੁੱਖ ਪਤਾ ਨਹੀਂ ਕਿੱਥੇ ਗਏ? ਕੁਝ ਸੁੱਕ ਕੇ ਢਹਿ ਢੇਰੀ ਹੋ ਗਏ ਤੇ ਕੁਝ ਸਾਡੇ ਵਿਕਾਸੇ ਦੀ ਭੇਟ ਚੜ੍ਹ ਗਏ। ਉਸ ਸੜਕ ਉੱਤੇ ਕੋਈ ਵੀ ਨਵਾਂ ਜਾਮਣਾ ਦ ਰੁੱਖ ਲੱਗਿਆ ਨਜ਼ਰ ਨਹੀਂ ਆਉਂਦਾ।

## ਸਾਉਣ ਮਹੀਨਾ

ਸਾਉਣ ਮਹੀਨੇ ਵਾਲੀ ਚੱਲੀ ਗੱਲ ਜੀ
ਪੇਕੇ ਜਾਣ ਵਾਲਾ ਕੋਈ ਦੱਸੋ ਹੱਲ ਜੀ
ਰਹਿ ਨਾ ਜਾਵਾਂ ਜਾਣਾ ਗੱਡੀ ਚੜ੍ਹ ਕੇ
ਨੱਚਣਾ ਤੀਆਂ ਚ, ਸਖੀਆਂ ਨਾ ਖੜ ਕੇ।

ਪੇਕੇ ਘਰ ਦੁੱਧ ਮੱਖਣਾਂ ਨਾਲ ਪਲੀ ਜੀ
ਲੋਚਦੇ ਸੀ ਅਗਲੇ ਘਰ ਹੋਵੇ ਭਲੀ ਜੀ
ਪੀਲੇ ਦਪੁੱਟੇ ਤੇ ਮੋਤੀ ਰੱਖੇ ਮੈਂ ਜੜ ਕੇ
ਨੱਚਣਾ ਤੀਆਂ ਚ, ਸਖੀਆਂ ਨਾ ਖੜ ਕੇ।

ਸਖੀਆਂ ਦੀ ਮੈਨੂੰ ਯਾਦ ਆਵੇ ਬੜੀ ਜੀ
ਅੱਖਾਂ ਕਰ ਨਮ ਬੂਹੇ ਵਿੱਚ ਖੜੀ ਜੀ
ਪੂੰਝਦੀ ਮੈਂ ਅੱਥਰੂ ਓਹਲੇ ਖੜ ਖੜ ਕੇ
ਨੱਚਣਾ ਤੀਆਂ ਚ, ਸਖੀਆਂ ਨਾ ਖੜ ਕੇ।

ਬੇਬੇ ਬਾਪੂ ਵਾਲਾ ਭੁੱਲੇ ਨਾ ਪਿਆਰ ਜੀ
ਵੀਰਾ ਲਈ ਮੰਗਾਂ ਦੁਆਵਾਂ ਹਜ਼ਾਰ ਜੀ
ਵੱਡੀ ਹੋਈ ਜਿੱਥੇ ਸਕੂਲ ਵਿੱਚ ਪੜ ਕੇ
ਨੱਚਣਾ ਤੀਆਂ ਚ, ਸਖੀਆਂ ਨਾ ਖੜ ਕੇ।

ਮਾਹੀ ਵੱਲੋਂ ਰੱਜਵਾ ਪਿਆਰ ਮਿਲੇ ਜੀ
ਸਹੁਰੇ ਮੇਰੇ ਰਹਿਣ ਫੁੱਲਾਂ ਵਾਂਗ ਖਿਲੇ ਜੀ
ਸੁਖਚੈਨ, ਕਿਸੇ ਨਾਲ ਵੇਖਿਆ ਨਾ ਲੜ ਕੇ
ਨੱਚਣਾ ਤੀਆਂ ਚ, ਸਖੀਆਂ ਨਾ ਖੜ ਕੇ।

ਸੁਖਚੈਨ ਸਿੰਘ,ਠੱਠੀ ਭਾਈ,
00971527632924

## ਬਾਬਾ ਪਿਆਰਾ ਸਿੰਘ ਜੀ ਝਾੜ ਸਾਹਿਬ ਵਾਲਿਆਂ ਦੀ ਯਾਦ ਵਿੱਚ ਆਖੰਡ ਪਾਠ ਦੇ ਭੋਗ 8 ਅਗਸਤ ਐਤਵਾਰ ਨੂੰ, ਸੰਗਤਾਂ ਮਾਸਕ ਪਹਿਨ ਕੇ ਹਾਜ਼ਰੀ ਭਰਨ

ਬਰੈਂਪਟਨ 28 ਜੁਲਾਈ: ਪਿੰਡ ਝਾੜ ਸਾਹਿਬ ਅਤੇ ਇਲਾਕਾ ਨਿਵਾਸੀ ਸੰਗਤਾਂ ਵੱਲੋਂ ਬਾਬਾ ਪਿਆਰਾ ਸਿੰਘ ਜੀ ਝਾੜ ਸਾਹਿਬ ਵਾਲਿਆਂ ਦੀ ਨਿੱਘੀ ਯਾਦ ਵਿੱਚ 6 ਤੋਂ 8 ਅਗਸਤ 2021 ਤੱਕ ਆਖੰਡ ਪਾਠ ਕਰਵਾਇਆ ਜਾ ਰਿਹਾ ਹੈ। ਪਾਠ ਦੇ ਭੋਗ ਠੀਕ 11 ਵਜੇ ਐਤਵਾਰ ਨੂੰ ਸ੍ਰੀ ਗੁਰੂ ਨਾਨਕ ਸਿੱਖ ਸੈਂਟਰ, 99 ਗਲਿਡਨ ਰੋਡ ਬਰੈਂਪਟਨ ਵਿਖੇ ਪਾਏ ਜਾਣਗੇ। ਗੁਰਦਵਾਰਾ ਸਾਹਿਬ ਵਿਖੇ ਹੋਰ ਪ੍ਰੋਗਰਾਮਾਂ ਦੇ ਚਲਦਿਆਂ ਇਸ ਵਾਰ ਕੀਰਤਨ ਪ੍ਰੋਗਰਾਮ ਨਹੀਂ ਹੋ ਸਕਣਗੇ, ਸੋ ਸੰਗਤਾਂ 11 ਵਜੇ ਤੋਂ ਪਹਿਲਾਂ ਪਹੁੰਚ ਕੇ ਭੋਗ ਸਮੇਂ ਹਾਜ਼ਰੀਆਂ ਲਗਵਾਉਣ। ਵਰਨਣਯੋਗ ਹੈ ਕਿ ਬਾਬਾ ਪਿਆਰਾ ਸਿੰਘ ਜੀ ਨੇ ਆਪਣੇ ਇਲਾਕੇ ਵਿੱਚ ਵੱਡੀ ਗਿਣਤੀ ਵਿੱਚ ਵਿੱਦਿਅਕ ਸੰਸਥਾਵਾਂ ਸ਼ੁਰੂ ਕਰਵਾਉਣ ਤੋਂ ਇਲਾਵਾ ਗੁਰਦੁਆਰਾ ਝਾੜ ਸਾਹਿਬ, ਚਮਕੌਰ ਸਾਹਿਬ ਅਤੇ ਮਾਛੀਵਾੜਾ ਸਾਹਿਬ ਸਮੇਤ ਬਹੁਤ ਸਾਰੇ ਗੁਦੁਆਰਿਆਂ ਦੀ ਸੇਵਾ ਕੀਤੀ। ਕੋਵਿਡ-19 (COVID) ਦੇ ਚਲਦਿਆਂ ਪ੍ਰਬੰਧਕਾਂ ਵੱਲੋਂ ਸਾਧ ਸੰਗਤ ਨੂੰ ਬੇਨਤੀ ਹੈ ਕਿ ਇਸ ਮੌਕੇ ਆਪਣੇ ਅਤੇ ਆਪਣੇ ਪਰਿਵਾਰਾਂ ਦੀ ਸਿਹਤਯਾਬੀ ਲਈ ਜ਼ਰੂਰੀ ਕਦਮ ਚੁਕਣ ਅਤੇ ਮਾਸਕ ਪਹਿਨ ਕੇ ਅਖੰਡ ਸਾਹਿਬ ਮੌਕੇ ਹਾਜ਼ਰੀਆਂ ਭਰਨ, ਸੇਵਾ ਕਰਨ ਦੀ ਅਪੀਲ ਕੀਤੀ ਗਈ ਹੈ। ਦੀਵਾਨ ਦੀ ਹਾਜ਼ਰੀ ਭਰਦਿਆਂ ਸੋਸ਼ਲ ਡਿਸਟੈਂਸਿੰਗ ਦਾ ਧਿਆਨ ਰਖਿਆ ਜਾਵੇ। ਪ੍ਰੋਗਰਾਮ ਸੰਬੰਧੀ ਹੋਰ ਵਧੇਰੇ ਜਾਣਕਾਰੀ ਲਈ ਸੌਦਾਗਰ ਸਿੰਘ ਪਵਾਤ (647-627-4425) ਜਾਂ ਦੀਪੂ ਕਕਰਾਲਾ ਨਾਲ 416 994 4415 'ਤੇ ਸੰਪਰਕ ਕੀਤਾ ਜਾ ਸਕਦਾ ਹੈ।



